
# ਅੰਮ੍ਰਿਤ ਕੀਰਤਨ

ੴ


ਜੂਨ 2011




Courtesy : fatgirl2fitgirl.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਚਾਰ ਅੱਖਰੀ ਮਿਲਾਪ

ਜ਼ਰਾ ਦਿਲ ਦੇ ਨਾਲ ਵਿਚਾਰ ਕਰਨਾ,
ਚਾਰ ਮਜ਼ਹਬਾਂ ਦੇ ਚਾਰੇ ਜ਼ਮਾਨਿਆਂ ਨੂੰ

ਕੁਦਰਤ ਆਪਣਾ ਖੇਲ ਰਚਾ ਰਹੀ ਏ,
ਦੇਖ ਚਾਰ ਪੈਗ਼ੰਬਰਾਂ ਦਾਨਿਆਂ ਨੂੰ।

ਇਧਰ ਜਾਪਦੇ ਕ੍ਰਿਸ਼ਨ ਦੇ ਚਾਰ ਅੱਖਰ,
ਕਾਫ਼, ਸੀਨ ਤੇ ਨੂੰਨ, ਰੇ ਮਾਨਿਆਂ ਨੂੰ

ਅੱਖਰ ਚਾਰ ਹੀ ਨਾਨਕ ਦੇ ਜਾਪਦੇ ਨੇ,
ਅਲਫ਼, ਨੂੰਨ ਦੋ, ਕਾਫ਼ ਨਿਸ਼ਾਨਿਆਂ ਨੂੰ।

ਅੱਖਰ ਚਾਰ ਮੁਹੰਮਦ, ਦੋ ਮੀਮ, ਹੇ, ਦਾਲ,
ਅਤੇ ਚਾਰ ਹੀ ਈਸਾ ਦੇ ਜਾਪਦੇ ਨੇ।

ਅੱਖਰ ਚਾਰ ਮੁਹੱਬਤ ਪਿਆਰ ਦੇ ਨੇ,
ਅਤੇ ਦਿਸਦੇ ਚਾਰ ਮਿਲਾਪ ਦੇ ਨੇ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ



ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੇ ਨੂੰ 4

ਕਰਉ ਬੇਨੰਤੀਆ - ਅਣਘੜਿਆ ਹੀਰਾ 5

ਲੋਗ ਜਾਨੈ ਇਹੁ ਗੀਤ ਹੈ
ਕਰਤਾਰ ਸਿੰਘ ਨੀਲਧਾਰੀ 6

KIRTAN SAMRAT BHAI SAMUND SINGH
Prof. Ravinder Gargesh & Rajinder Singh Chadha 10

ਸੁਰ ਹੀ ਈਸ਼ਵਰ
ਕਰਮ ਸਿੰਘ ਰਤਨ 14

ਭਾਰਤੀ ਸੰਗੀਤ ਵਿੱਚ 'ਕਾਕੂ' ਦਾ ਮਹੱਤਵ
ਡਾ. ਰਾਜੇਸ਼ ਸ਼ਰਮਾ 18

ਸੁਰ ਲਿਪੀ 24

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

I am presently listening to the CD Pranee Eko Naam. It is really blissful.Thank You very much. Congratulations for the award recd at the hands of Dr. jaspal Singhji. You really deserved it.

**Dr Surjeet Kaur Chahal, Prof, Dept of Philosophy, University of Pune, Pune - 411007, Phone : +91 - 9225527222**

I am greatly impressed that you are doing great service to humanity by sending highest level of knowledgeable information to your readers.

**Harjit Singh, H. No. 25,(First Floor), Sector - 18/A, CHANDIGARH-160018**
**Phone numbers: 09814624452(M) 0172-2546452(R)**

An excellent endeavor through technology to propagate Gurmat Sangeet. My heartiest congratulations to the team of Amrit Kirtan Trust.

**Paramdeep Singh, Mohali**

Waheguru Ji Ka Khalsa, Waheguru Ji Ki Fateh! By almighty Waheguru You are doing very good Job of kirtan sewa. Sikh panth is proud of you for ever.

**Ratan jit Singh Shairy, Indore M.P**

ਅਪ੍ਰੈਲ ਅੰਕ ਦੀ ਸਮੱਗਰੀ ਬਹੁਤ ਪਸੰਦ ਆਈ। ਸਿੰਘ ਬੰਧੂ ਸ: ਤੇਜਪਾਲ ਸਿੰਘ ਅਤੇ ਪ੍ਰੋ: ਕਰਤਾਰ ਸਿੰਘ ਜੀ ਨੂੰ ਸਨਮਾਨਤ ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਬਹੁਤ ਸ਼ਲਾਘਾਯੋਗ ਕਾਰਜ ਕੀਤਾ ਹੈ।

ਪ੍ਰੋ: ਮੰਗਤ ਸਿੰਘ ਮਸਤਾਨਾ, ਮਲੋਟ, ਸੰਤ ਮੁਕੰਦ ਸਿੰਘ, ਮਲੋਟ, ਪ੍ਰੋ: ਐੱਮ. ਐੱਸ. ਸਚਦੇਵਾ, ਅਬੋਹਰ

## BEAUTIFUL THOUGHTS

Always remember to forget
the things that made you sad
But never forget to remember
the things that made you glad

Always remember to forget
the friends that proved untrue
But never forget to remember
those that have struck by you

Always remember to forget
the troubles that passed away
But never forget to remember
the blessings that come each day.

*With best compliments from a wellwisher*

# ਕਰਉ ਬੇਨੰਤੀਆ

## ਅਣਘੜਿਆ ਹੀਰਾ

ਕਿਧਰੇ ਇੱਕ ਕਹਾਣੀ ਪੜ੍ਹੀ ਸੀ। ਇੱਕ ਜੌਹਰੀ ਸੀ। ਉਸ ਦਾ ਇੱਕ ਪੁੱਤਰ ਸੀ। ਜੌਹਰੀ ਬਿਮਾਰ ਹੋ ਗਿਆ ਉਸ ਨੂੰ ਪਤਾ ਲੱਗ ਗਿਆ ਕਿ ਉਸ ਦਾ ਅੰਤ ਸਮਾਂ ਨੇੜੇ ਹੈ। ਉਸ ਨੇ ਆਪਣੀ ਪਤਨੀ ਅਤੇ ਪੁੱਤਰ ਨੂੰ ਆਪਣੇ ਕੋਲ ਬੁਲਾਇਆ ਇੱਕ ਪੱਥਰ ਦਿੱਤਾ ਤੇ ਕਿਹਾ ਕਿ ਇਹ ਪੱਥਰ ਸਧਾਰਨ ਪੱਥਰ ਨਹੀਂ ਹੈ ਸਗੋਂ ਇੱਕ ਅਣਘੜਿਆ ਹੀਰਾ ਹੈ। ਮੇਰੇ ਦੇਹਾਂਤ ਤੋਂ ਬਾਅਦ ਇਹ ਚਿਠੀ ਲੈ ਕੇ ਮੇਰੇ ਦੋਸਤ ਮਾਣਕ ਲਾਲ ਜੌਹਰੀ ਕੋਲ ਚਲੇ ਜਾਣਾ। ਉਹ ਹੀਰਾ ਤਰਾਸ਼ ਦੇਵੇਗਾ ਫਿਰ ਤੁਹਾਨੂੰ ਕਿਸੇ ਚੀਜ ਦੀ ਥੁੜ ਨਹੀਂ ਆਵੇਗੀ। ਜੌਹਰੀ ਦਾ ਦੇਹਾਂਤ ਹੋ ਗਿਆ। ਦੋਵੇਂ ਮਾਂ ਅਤੇ ਪੁੱਤਰ ਚਿੱਠੀ ਤੇ ਅਣਘੜਿਆ ਹੀਰਾ ਲੈ ਕੇ ਮਾਣਕ ਲਾਲ ਕੋਲ ਗਏ। ਮਾਣਕ ਲਾਲ ਨੇ ਚਿੱਠੀ ਪੜ੍ਹੀ ਅਣਘੜਿਆ ਹੀਰਾ ਵੀ ਚੰਗੀ ਤਰ੍ਹਾਂ ਵੇਖਿਆ ਤੇ ਬੋਲਿਆ–

ਪੁੱਤਰ, ਤੂੰ ਮੇਰੇ ਕੋਲੋਂ ਹੀਰੇ ਤਰਾਸ਼ਣ ਦਾ ਕੰਮ ਸਿੱਖ ਲੈ। ਮੈਂ ਤੁਹਾਡੇ ਰੋਟੀ ਪਾਣੀ ਦਾ ਪ੍ਰਬੰਧ ਕਰ ਦਿੰਦਾ ਹਾਂ। ਜੌਹਰੀ ਪੁੱਤਰ ਕੰਮ ਸਿੱਖਣ ਲਗਾ। ਕੁਝ ਸਮੇਂ ਬਾਅਦ ਜੌਹਰੀ ਪੁੱਤਰ ਕੰਮ ਸਿੱਖ ਗਿਆ ਹੁਣ ਉਸ ਨੂੰ ਹੀਰਿਆਂ ਦੀ ਪਛਾਣ ਵੀ ਆ ਗਈ ਤੇ ਹੀਰੇ ਤਰਾਸ਼ਣੇ ਵੀ ਸਿੱਖ ਗਿਆ। ਇੱਕ ਦਿਨ ਉਹ ਆਪਣੀ ਮਾਂ ਕੋਲ ਆਇਆ ਤੇ ਆਪਣੇ ਪਿਤਾ ਵੱਲੋਂ ਦਿੱਤਾ ਉਹ ਅਣਘੜਿਆ ਹੀਰਾ ਮੰਗਿਆ। ਮਾਂ ਨੇ ਜਦੋਂ ਉਸ ਨੂੰ ਉਹ ਦਿੱਤਾ ਤਾਂ ਉਸ ਨੇ ਉਸ ਨੂੰ ਕੂੜੇ ਦੇ ਢੇਰ ਤੇ ਸੁੱਟ ਦਿੱਤਾ। ਮਾਂ ਨੇ ਜਦੋਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਤਾਂ ਇੱਕ ਸਧਾਰਨ ਪੱਥਰ ਹੈ। ਉਸ ਦੀ ਮਾਂ ਅਤੇ ਪੁੱਤਰ ਨੇ ਮਾਣਕ ਲਾਲ ਤੋਂ ਪੁਛਿਆ ਕਿ ਉਸ ਦੇ ਪਿਤਾ ਨੇ ਝੂਠ ਕਿਉਂ ਬੋਲਿਆ–

ਜੌਹਰੀ ਕਹਿਣ ਲੱਗਾ– ਬੇਟਾ, ਤੇਰਾ ਪਿਤਾ ਬੜਾ ਸਿਆਣਾ ਇਮਾਨਦਾਰ ਜੌਹਰੀ ਸੀ। ਉਸ ਨੇ ਤੁਹਾਨੂੰ ਇਹ ਪੱਥਰ ਦੇ ਕੇ ਦਿਲਾਸਾ ਦਿੱਤਾ ਸੀ ਕਿ ਤੁਸੀਂ ਆਪਣੇ ਆਪ ਨੂੰ ਕੰਗਾਲ ਸਮਝਕੇ ਆਪਣੇ ਵਿੱਚ ਹੀਣ ਭਾਵਨਾਂ ਨਾ ਲੈ ਆਓ। ਉਸਨੇ ਜਿਹੜੀ ਮੈਨੂੰ ਚਿਠੀ ਲਿਖੀ ਸੀ ਉਸ ਵਿੱਚ ਅਣਘੜੇ ਹੀਰੇ ਦਾ ਅਰਥ ਤੂੰ ਸੀ। ਤੂੰ ਆਪਣੇ ਮਾਂ ਬਾਪ ਦਾ ਅਣਘੜਿਆ ਹੀਰਾ ਸੀ। ਮੇਰੇ ਜਿੰਮੇ ਤੈਨੂੰ ਘੜਨ ਦਾ ਕੰਮ ਲਾਇਆ ਸੀ। ਮੈਨੂੰ ਖੁਸ਼ੀ ਹੈ ਕਿ ਤੂੰ ਹੁਣ ਖੁਦ ਜੌਹਰੀ ਬਣ ਗਿਆ ਹੈਂ। ਤੂੰ ਇੱਕ ਵਧੀਆ ਹੀਰਾ ਬਣ ਗਿਆ ਹੈਂ।

ਇਸ ਸਮੇਂ ਅਨੇਕਾਂ ਨੌਜੁਆਨ ਅਣਘੜੇ ਹੀਰੇ ਵਾਂਗ ਰੁਲ ਰਹੇ ਹਨ। ਕੋਈ ਉਹਨਾਂ ਤਰਾਸ਼ਣ ਵਾਲਾ ਨਹੀਂ। ਉਹਨਾਂ ਵਿੱਚ ਹੀਣਭਾਵਨਾ ਆ ਗਈ ਹੈ। ਉਹ ਕੇਵਲ ਤਤਕਾਲੀ ਲਾਭ ਲਈ ਆਪਣੀ ਸਮਰਥਾ ਵਿਅਰਥ ਗੁਆ ਰਹੇ ਹਨ। ਜਦੋਂ ਕਿ ਉਹਨਾਂ ਵਿੱਚ ਵਧੀਆ ਹੀਰੇ ਬਣਨ ਦੀ ਸਮਰਥਾ ਹੈ। ਮੇਰੇ ਕੁਝ ਸਾਥੀ ਇਹਨਾ ਹੀਰਿਆਂ ਨੂੰ ਤਰਾਸ਼ਣ ਦਾ ਕੰਮ ਕਰ ਰਹੇ ਹਨ। ਜ਼ਿੰਦਗੀ ਦੇ ਕੁਝ ਅਸੂਲਾਂ ਦਾ ਪਾਲਣ ਕਰਕੇ ਇਹ ਨੌਜੁਆਨ ਕਿਸੇ ਵੀ ਖੇਤਰ ਵਿੱਚ ਕਾਮਯਾਬ ਹੋ ਸਕਦੇ ਹਨ। ਜੇ ਕੋਈ ਨੌਜੁਆਨ ਹੀਰਾ ਬਣਨਾ ਚਾਹੁੰਦਾ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ।

# ਲੋਗ ਜਾਨੈ ਇਹੁ ਗੀਤ ਹੈ

ਕਰਤਾਰ ਸਿੰਘ ਨੀਲਧਾਰੀ

ਲੋਗ ਜਾਨੈ ਇਹੁ ਗੀਤ ਹੈ ਇਹ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ (335)

ਗੁਰਬਾਣੀ ਅਨੁਸਾਰ ਪ੍ਰਭੁ ਭਗਤੀ ਸਾਧਨਾ ਦਾ ਸਰਬੋਤਮ, ਸਰਲ, ਸਰਸ ਤੇ ਸਫਲ ਮਾਰਗ ਹੈ ਕੀਰਤਨ। ਸੰਗਤ ਦੇ ਸੰਸਥਾਗਤ ਨਿਤਨੇਮ ਅਨੁਸਾਰ ਆਸਾ ਦੀ ਵਾਰ ਦੇ ਕੀਰਤਨ ਦੀ ਪਰੰਪਰਾ ਕਰਤਾਰਪੁਰ ਵਿਚ ਜਗਤ ਗੁਰੂ ਬਾਬੇ ਨੇ ਸਥਾਪਿਤ ਕਰ ਦਿੱਤੀ ਸੀ। ਰਾਤ ਦੇ ਚੌਥੇ ਪਹਿਰ ਨੂੰ ਬ੍ਰਹਮ ਮਹੂਰਤ ਜਾਂ ਅੰਮ੍ਰਿਤ ਵੇਲਾ ਕਿਹਾ ਜਾਂਦਾ ਹੈ। ਅੰਮ੍ਰਿਤ ਵੇਲੇ ਦੀ ਉਪਮਾ ਦਾ ਗੁਰਬਾਣੀ ਵਿਚ ਬਾਰ ਬਾਰ ਮਿਲਦਾ ਹੈ। ਇਸ ਸਮੇਂ ਦੀ ਉਪਮਾ ਦਾ ਫਲਸਫਾ ਭਾਰਤੀ ਪਰੰਪਰਾ ਵਿਚ ਗੁਰੂ ਤੇ ਸੰਤ ਭਗਤਾਂ ਦੀ ਬਾਣੀ ਰਾਹੀਂ ਉਜਾਗਰ ਹੋਇਆ ਹੈ। ਅੰਮ੍ਰਿਤ ਵੇਲੇ ਦੀ ਉਪਮਾ ਦੇ ਨਾਲ ਜੁੜਿਆ ਸਾਮੀ ਸਭਿਅਤਾ ਦਾ ਪ੍ਰਮਾਣਿਕ ਪਰਿਚੈ ਬਾਬਾ ਫਰੀਦ ਜੀ ਦੀ ਬਾਣੀ ਵਿਚੋਂ ਵੀ ਮਿਲਦਾ ਹੈ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ (107)

ਰਾਤ-ਰਾਤ ਜਾਗ ਕੇ ਜਪ-ਸਾਧਨਾ ਜਾਂ ਇਬਾਦਤ ਕਰਨ ਵਾਲੇ ਸੰਤ-ਫਕੀਰਾਂ ਨੇ ਆਤਮ ਅਨੁਭਵ ਵਿਚ ਪਰਖ ਲਿਆ ਸੀ ਕਿ ਪਹਿਲੀ ਰਾਤ ਫੁਲਾਂ ਦੀ ਮਹਿਕ ਮਿਲ ਜਾਏ ਤਾਂ ਜਪ ਸਾਧਨਾਂ ਸਿੱਧੇ ਰਾਹ ਪੈ ਗਈ ਹੈ। ਇਸ ਦੈਵੀ ਮਹਿਕ ਦੀ ਨਿਆਮਤ ਵਿਚ ਤ੍ਰਿਕੁਟੀ ਖੁੱਲਣ ਅਤੇ ਕਮਲ ਬਿਗਾਸਿ ਦੀ ਆਸ ਬਲਵਤੀ ਹੋ ਜਾਂਦੀ ਹੈ। ਇਸ ਤਰ੍ਹਾਂ ਰਾਤ ਦੇ ਪਿਛਲੇ ਪਹਿਰ ਦੀ ਬ੍ਰਹਮ ਨਦੀ ਨੀਰਵਤਾ, ਸ਼ਾਂਤੀ ਅਤੇ ਮ੍ਰਿਤੂ ਭੈ ਤੋਂ ਮੁਕਤ ਅੰਮ੍ਰਿਤ ਧਾਰਾ ਦੀ ਪ੍ਰਾਪਤੀ ਸੰਤਾਂ ਫਕੀਰਾਂ ਦੀ ਸਾਧਨਾਂ-ਸਿੱਧੀ ਦਾ ਫਲ ਹੈ। ਇਸ ਦੀ ਪੁਸ਼ਟੀ ਬਾਬਾ ਫਰੀਦ ਜੀ ਦੀ ਆਤਮ ਪ੍ਰਕਾਸ਼ੀ ਚੇਤਨਾ ਰਾਹੀਂ ਇੰਝ ਉਜਾਗਰ ਹੋਈ ਹੈ-

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ॥ (112)

ਇਸ ਆਤਮ ਪ੍ਰਕਾਸ਼ੀ ਚੇਤਨਾ ਦੀ ਪੁਸ਼ਟੀ ਅਗਲੇ ਸ਼ਲੋਕ ਵਿਚ ਇੰਝ ਦਰਜ ਹੋਈ ਹੈ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥ (123)

ਜਦੋਂ ਅੰਮ੍ਰਿਤ ਦੀ ਚਰਚਾ ਹੁੰਦੀ ਹੈ ਤਾਂ ਪਰੋਖ ਰੂਪ ਵਿਚ ਮ੍ਰਿਤੂ ਹੋਣ ਦੀ ਹੋਣੀ ਦੇ ਕਾਲ ਚੱਕਰ ਦਾ ਜ਼ਿਕਰ ਹੀ ਹੁੰਦਾ ਹੈ। ਜੋ ਚੀਜ਼ ਬਣੀ ਹੋਈ ਹੈ ਉਹ ਜ਼ਰੂਰ ਟੁੱਟਣੀ ਹੈ। ਦੇਹਾਂ ਦੀ ਸਿਰਜਨਾ ਜਾਂ ਉਤਪਤੀ ਕ੍ਰਿਯਾ ਨੂੰ ਬ੍ਰਹਮਾ ਰੂਪੀ ਈਸ਼ਵਰੀ ਸ਼ਕਤੀ ਸੰਚਾਲਿਤ ਕਰਦੀ ਹੈ। ਇਸ ਦੇਹ ਦੀ ਪਾਲਨਾ ਅਤੇ ਜੀਵਨ ਸੰਚਾਲਨ ਸ਼ਕਤੀ ਦਾ ਨਾਮ ਵਿਸ਼ਨੂੰ ਰੱਖਿਆ ਗਿਆ ਹੈ। ਇਸ ਦੇਹ ਦੀ ਸਮਾਪਤੀ ਜਾਂ ਸੰਹਾਰ ਦੀ ਜ਼ਿੰਮੇਵਾਰੀ ਮਹੇਸ਼ ਰੂਪੀ ਈਸ਼ਵਰੀ ਸ਼ਕਤੀ ਸੰਚਾਲਿਤ ਕਰਦੀ ਹੈ। ਇਸ ਭਾਰਤੀ ਫਲਸਫੇ ਦੀ ਪ੍ਰੋੜਤਾ ਤੇ ਸਵੀਕ੍ਰਿਤੀ ਗੁਰਬਾਣੀ ਕਰਦੀ ਹੈ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ (ਜਪੁਜੀ=30)

ਤ੍ਰਿਗੁਣੀ ਮਾਇਆ ਦੇ ਤਿੰਨ ਸੰਚਾਲਕਾਂ ਦੀ ਪਹਿਚਾਣ ਤਿੰਨ ਸਮਾਨੰਤਰ ਲੀਕਾਂ ਨਾਲ ਕੀਤਾ ਜਾਂਦਾ ਸੀ। ਮਾਨਸਿਕ ਚੇਤਨਾ ਦੇ ਵਿਕਾਸ ਦੇ ਕ੍ਰਮ ਵਿਚ ਇਹਨਾਂ ਤਿੰਨਾਂ ਦੀ ਸਿਰਜਨਹਾਰੀ ਤੇ ਸੰਚਲਾਕੀ ਤੇ ਸੰਹਾਰੀ ਸ਼ਕਤੀ ਦਾ ਆਭਾਸ ਪ੍ਰਕਾਸ਼ਤ

ਹੋਇਆ। ਉਸ ਪ੍ਰਕਾਸ਼ ਵਿਚ ਜੋ ਸ਼ਬਦ ਧੁਨੀ ਸੁਣੀ ਗਈ ਉਹ ਓਮ (੧ਓ) ਦੇ ਰੂਪ ਵਿਚ ਚਿਨਹਿਤ ਕੀਤੀ ਗਈ। ਤਿੰਨ ਸ੍ਰਿਸ਼ਟੀ ਸੰਚਲਾਕਾਂ ਦੀ ਸੰਯੁਕਤ ਸ਼ਬਤੀ ਦੇ ਸੰਚਲਕ ਦੇ ਰੂਪ ਵਿਚ ਤਿੰਨਾਂ ਲੀਕਾਂ ਨੂੰ ਮਿਲਾ ਕੇ ਤ (ਤੱਤ) ਲਾਜ਼ਮੀ ਅੰਤ ਦੇ ਮੱਦੇਨਜ਼ਰ ਸੰਚਾਲਕ ਦੀ ਡੋਰ ਅਤੇ ਬਿੰਦੂ ਰੂਪੀ ਆਦਿ ਅੰਤ ਦੇ ਪ੍ਰਤੀਕ ਦੇ ਸੰਜੁਗਤ ਰੂਪ ੧ਓ ਦੀ ਮਾਨਸਿਕ ਸਵੀਕ੍ਰਿਤੀ ਆਤਮ ਪ੍ਰਕਾਸ਼ੀ ਰਿਸ਼ੀਆਂ ਨੂੰ ਪ੍ਰਾਪਤ ਹੋਈ। ਸਾਰੇ ਬ੍ਰਹਮਾਂਡ ਦੇ ਕਰਤਾ-ਧਰਤਾ-ਹਰਤਾ ਏਕਾਤਮ ਸ਼ਕਤੀ ਨੂੰ ਓਂਕਾਰ ਜਾਂ ਪ੍ਰਣਵ ਨਾਮ ਦਿੱਤਾ ਗਿਆ।

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ (1370)
ਓਅੰਕਾਰਿ ਸਭ ਸ੍ਰਿਸਟਿ ਉਪਾਈ (1061)
ਓਅੰਕਾਰਿ ਬ੍ਰਹਮਾ ਉਤਪਤਿ (929)
ਓਅੰਕਾਰੁ ਕੀਆ ਜਿਨਿ ਚਿਤਿ॥ (929)

ਓਅੰਕਾਰਿ ਦੀ ਏਕਾਤਮ ਸ਼ਕਤੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਰਜ ਪ੍ਰਕਾਸ਼ੀ ਪ੍ਰਮਾਣਿਕਤਾ ਦੇ ਕੇ ਇਕ ਓਅੰਕਾਰ ਦੀ ਧੁਜਾ ਫੜਕੇ ਚੱਕਰਵਤੀ ਧਰਮ ਵਿਜੈ ਕੀਤੀ। ਗੁਰੂ ਜੀ ਦੀ ਪੰਜੀ ਸਾਲ ਦੀ ਉਦਾਸੀਆਂ ਵਿਚ ਤਤਕਾਲੀਨ ਮਤ ਮਤਾਂਤਰਾਂ ਦੇ ਧਰਮ ਗੁਰੂਆਂ ਨੂੰ ਉਹਨਾਂ ਦੀ ਮੂਲ ਮਾਨਵ ਸੇਵੀ ਧਰਮ ਚੇਤਨਾ ਦੀ ਦ੍ਰਿੜਾਈ ਗਈ ਸੀ। ਇਸ ਚੇਤਨਾ ਅਨੁਦਾਨ ਦੇ ਨਾਲ ਹੀ ਸਾਰੇ ਵਿਚਾਰਕ ਮਤਭੇਦ ਮਿਟਾ ਕੇ ਇਕ ਸਰਬ ਸ਼ਕਤੀਮਾਨ ਪ੍ਰਭੂ ਸ਼ਕਤੀ ਨਾਲ ਜੋੜਿਆ ਗਿਆ। ਗੁਰੂ ਜੀ ਨੇ ਸਭ ਨੂੰ ਇਹ ਗਿਆਨ ਵੀ ਚੇਤਾਇਆ ਕਿ ਸਾਰੇ ਮਨੁੱਖ ਇਕੋ ਜੇਹੇ ਪੰਜ ਤੱਤਾਂ ਨਾਲ ਇਕੋ ਜੇਹੀ ਕਾਮ ਕ੍ਰੀੜਾ ਨਾਲ ਜਨਮ ਲੈਂਦੇ ਹਨ। ਸਭ ਵਿਚ ਇਕੋ ਜੇਹੀ ਪ੍ਰਾਣ ਸ਼ਕਤੀ ਹੀ ਹੈ।

ਇਸ ਸ੍ਰਿਸ਼ਟੀ ਦਾ ਸੰਚਾਲਨ ਇਕੋ ਸੁਰ ਤਾਲ। ਨੇਮ ਬੱਧ ਸੰਗੀਤ ਚੇਤਨਾ ਨਾਲ ਹੋ ਰਿਹਾ ਹੈ। ਇਸ ਏਕਾਤਮ ਸੰਗੀਤ ਚੇਤਨਾ ਨਾਲ ਜੀਵਨ ਦੇ ਸੁਰ ਮਿਲਾ ਲੈਣ ਵਾਲੇ ਹੀ ਸੁਰ (ਦੇਵਤਾ) ਕਹੇ ਗਏ। ਇਸ ਸੰਗੀਤ ਚੇਤਨਾ ਤੋਂ ਸੱਖਣ ਅਸੁਰ (ਰਾਕਸ਼ਸ਼) ਕਹੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈ ਤੋਂ ਬਾਹਰ ਨਿਕਲ ਕੇ - ਨਾ ਹਿੰਦੂ ਨਾ ਮੁਸਲਮਾਨ - ਰੂਪੀ ਮਸਤਾਨੇ ਬੋਲੇ ਨਾਲ ਸੰਸਾਰ ਵਿਚਲਾ ਧੁੰਧਕਾਰ ਦੂਰ ਕਰਨ ਵਾਲਾ ਸਚਖੰਡੀ ਹੁਕਮ ਸੁਣਾਇਆ ਸੀ। ਉਦਾਸੀਆਂ ਸ਼ੁਰੂ ਕਰਨ ਸਮੇਂ ਭਾਈ ਮਰਦਾਨਾ ਰਬਾਬੀ ਤੇ ਭਾਈ ਬਾਲਾ ਟਹਿਲੂਆਂ ਨਾਲ ਲਿਆ। ਗੁਰੂ ਜੀ ਨੇ ਲਿਖੇ ਵੀ ਇਕ ਓਅੰਕਾਰੀ ਚੇਤਨਾ ਦਾ ਸੁਨੇਹਾ ਦਿੱਤਾ ਉਹ ਸੰਗੀਤ ਸੁਰਾਂ ਵਿਚ ਹੀ ਦਿੱਤਾ। ਸੰਗੀਤ ਦੀ ਇਸ ਸ਼ਕਤੀ ਨਾਲ ਸ੍ਰਿਸ਼ਟੀ ਦਾ ਸੰਚਾਲਨ ਹੋ ਰਿਹਾ ਹੈ। ਸੰਗੀਤ ਹੀ ਮਨੁੱਖ ਨੂੰ ਸ੍ਰਿਸ਼ਟੀ ਕਰਤਾ ਦੇ ਨੇੜੇ ਲੈ ਜਾਣ ਵਾਲੀ ਸਭ ਤੋਂ ਸਮਰੱਥ ਸ਼ਕਤੀ ਹੈ:

ਓਅੰਕਾਰਿ ਏਕ ਧੁਨਿ ਏਕੈ ਰਾਗ ਅਲਾਪੈ॥ (885)
ਓਅੰ ਗੁਰਮੁਖਿ ਕੀਓ ਅਕਾਰਾ॥ (250)
ਓਅੰਕਾਰਿ ਸਬਦਿ ਉਧਰੇ॥ (930)

ਸ੍ਰਿਸ਼ਟੀ ਸੰਚਾਲਨ ਦੀ ਸੰਗੀਤ ਸ਼ਕਤੀ ਦਾ ਵਾਹਕ ਪਵਨ ਹੈ ਅਤੇ ਪਵਨ ਨੂੰ ਗੁਰੂ ਕਿਹਾ ਗਿਆ ਹੈ। ਇਹ ਪਵਨ ਗੁਰੂ ਦੀ ਜੀਵਾਂ ਵਿਚ ਪ੍ਰਾਣ ਸ਼ਕਤੀ ਦਾ ਸੰਚਾਲਨ ਕਰਦਾ ਹੈ। ਮਨੁੱਖੀ ਦਿਲਾਂ ਦੀ ਧੜਕਨ ਤੇ ਹੀ ਪ੍ਰਾਣ ਸ਼ਕਤੀ ਟਿਕੀ ਹੋਈ ਹੈ। ਇਸ ਧੜਕਨ ਦੇ ਸੁਰ ਤਾਲ ਵਿਗੜਨ ਨਾਲ ਹੀ ਸਾਰੇ ਰੋਗਾਂ ਦੀ ਸੂਚਨਾ ਵੈਦਰਾਜ ਨਬਜ਼ ਤੋਂ ਲੈ ਲੈਂਦੇ ਹਨ। ਜਦੋਂ ਹਿਰਦੇ ਸੰਗੀਤ ਰੁਕ ਜਾਏ ਤਾਂ ਭਾਂਤ ਭਾਂਤ ਨਾਲ ਸੁਆਰੀ ਸੰਭਲੀ ਮ੍ਰਿਤਕ ਹੋਈ ਦੇਹ ਦੇ ਵਿਨਾਸ਼ ਦੀ ਜੁਗਤਿ ਸਮਾਜ ਕਰ ਦੇਂਦਾ ਹੈ।

ਵੈਦਿਕ ਚੇਤਨਾ ਦੇ ਪ੍ਰਵੱਕਤਾ ਮਨੂ ਸਮ੍ਰਿਤੀ ਅਨੁਸਾਰ ਤਿੰਨਾਂ ਵੇਦਾਂ ਵਿਚੋਂ ਅਿ ਤੇ ਯਸੁਰ ਵੇਦ ਪਾਣੀਆਂ ਨੂੰ ਸਾਮ (ਸੰਗੀਤਮਈ) ਵੇਦ ਤੋਂ ਦੂਰ ਰਹਿਣ ਦੀ ਨਸੀਅਤ ਦਿੱਤੀ ਗਈ ਹੈ। ਮਹਾਭਾਰਤ ਦੇ ਮਹਾਂਯੁੱਧ ਦੇ ਸ਼ੁਰੂ ਵਿਚ ਮੋਹਗ੍ਰਸਤ ਅਰਜੁਨ ਨੂੰ ਸ੍ਰੀ ਕ੍ਰਿਸ਼ਨ ਕਰਮ ਯੋਗ ਦੀ ਸਿੱਖਿਆ ਦੇਂਦੇ ਹਨ। ਆਪਣੇ ਬਚਨਾਂ ਦੀ ਪ੍ਰਮਾਣਿਦਤਾ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਆਪਣੇ ਸਰੂਪਾਂ ਦਾ ਪਰਿਚੈ ਦੇਂਦੇ ਹੋਏ ਦਸਦੇ ਹਨ ਕਿ ਉਹ ਵੇਦਾਂ ਵਿਚ ਸਾਮਵੇਦ ਹਨ। ਇਹ ਵੀ ਹਕੀਕਤ ਹੈ ਕਿ ਇਕ ਬ੍ਰਹਮ ਸ਼ਕਤੀ ਦੀ ਘੋਸ਼ਣਾ ਪਹਿਲੀ ਵਾਰ ਕੁਰੂਕਸ਼ੇਤਰ ਦੇ ਵਿਚ ਹੋਈ। ਇਸ ਤੋਂ ਪਹਿਲਾਂ ਇਹ ਚੇਤਨਾ ਉਪਨਿਸ਼ਦ ਰੂਪੀ ਰਿਦਾਵਾਂ (ਮੰਤਰ-ਗੀਤਾਂ ਰਾਹੀਂ ਗੁਰੂ ਪਰੰਪਰਾਵਾਂ ਵਿਚ ਕੰਠ ਕਰਾਈ ਜਾਂਦੀ ਸੀ ਤੇ ਸ਼ਰੁਤੀ (ਸੁਣੀ ਹੋਈ) ਕਹੀ ਜਾਂਦੀ ਸੀ। ਰਿਸ਼ੀ ਵੇਦ ਵਿਆਸ ਪ੍ਰਚਾਰਿਤ ਕਰ ਦਿੱਤਾ ਹੋਇਆ ਸੀ। ਭਗਵਾਨ ਸ੍ਰੀ ਕ੍ਰਿਸ਼ਨ ਦੀ ਜਗਾਈ ਇਕ ਬ੍ਰਹਮ ਚੇਤਨਾ ਤੋਂ ਪ੍ਰੇਰਿਤ ਰਿਸ਼ੀ ਵਿਆਸ ਨੇ ਵੇਦਾਂ ਦੀ ਸੰਪਾਦਨਾਂ ਕਰਕੇ ਚਾਰ ਭਾਗ ਕਰਕੇ ਭੋਜ ਪੱਤਰ ਉੱਤੇ ਲਿਖਣ ਦੀ ਰੀਤ ਚਲਾਈ।

ਇਸ ਤਰ੍ਹਾਂ ਰਿਸ਼ੀ ਵਿਆਸ ਦੀ ਉਪਮਾ ਵੇਦ ਵਿਆਸ (ਵੇਦਾਂ ਦਾ ਗੁਰੂ) ਦੇ ਰੂਪ ਵਿਚ ਸਥਾਪਿਤ ਹੋਈ। ਤਤਕਾਲੀਨ ਪੰਜ ਫਲਸਫਿਆਂ (ਦਰਸ਼ਨ ਸ਼ਾਸਤਰਾਂ) ਦੇ ਸੰਦਰਭ ਦੀ ਸੰਕਲਿਤ ਨਹੀਂ ਕੀਤੇ ਸਗੋਂ ਹੋਰ ਉਪਨਿਸ਼ਟਾਂ ਦੇ ਸੰਦਰਭ ਦੇ ਕੇ ਰਿਸ਼ੀ ਵੇਦ ਵਿਆਸ ਨੇ ਬ੍ਰਹਮ ਸੂਤਰ ਗ੍ਰੰਥ ਦੀ ਰਚਨਾ ਕੀਤੀ। ਇਸ ਫਲਸਫੇ ਨੂੰ ਵੇਦਾਂਤ ਵੇਦ ਗਿਆਨ ਦਾ ਅਖੀਰਲਾ ਸਿਰਾ ਉੱਤਰ ਮੀਮਾਂਸਾ ਨਾਮ ਦਿੱਤਾ। ਇਸ ਵੇਦਾਂਤ ਨੂੰ ਕਰਮਕਾਂਡੀ ਧਰਮ ਪ੍ਰਮੁੱਖਾਂ ਨੇ ਜਿਵੇਂ ਦਫਨ ਕਰ ਦਿੱਤਾ ਸੀ। ਸਮਾਜ ਦੇ ਤਿੰਨ ਹਿੱਸਿਆਂ ਤੋਂ ਅਨਅਰਜਿਤ (ਧਰਮ ਦੰਡ ਦੀ) ਭੇਂਟ ਪੂਜਾ ਨਾਲ ਬ੍ਰਹਮਣ ਪੁਰੋਹਿਤ ਵਰਗ ਰੂਪੀ ਪਰਜੀਵੀ ਸਮਾਜ ਪ੍ਰਫੁਲਿਤ ਹੁੰਦਾ ਗਿਆ। ਦਾਨ ਦੇ ਅੰਨ ਨੇ ਜਪ ਸਾਧਨਾਹੀਨ ਪਰਜੀਵੀ ਵਰਗ ਨੂੰ ਪਥ ਭ੍ਰਸ਼ਟ ਕਰ ਦਿੱਤਾ। ਇਸ ਪੁਰੋਹਿਤ ਵਰਗ ਨੇ ਅਜਿਹੇ ਧਰਮ ਬੰਧਨ ਬਣਾਏ ਕੇ ਸਾਰਾ ਸਮਾਜ ਬੰਧਕ ਹੋ ਗਿਆ। ਇਸ ਗ਼ੁਲਾਮੀ ਦੇ ਅਭਿਅਸਤ ਭਾਰਤੀ ਸਮਾਜ ਨੂੰ ਜਦੋ ਸ੍ਰੀ ਹਮਲਾਵਰਾਂ ਦੀ ਗੁਲਾਮੀ ਵਿਚੋਂ ਕੋਈ ਕਸ਼ਟ ਨਾ ਹੋਇਆ। ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੱਧੀ ਰਾਤ ਨੂੰ ਤਿਲੰਗ ਰਾਗ ਵਿਚ ਬਾਬਰ ਦੇ ਭਾਵੀ ਹਮਲੇ ਪ੍ਰਤੀ ਚੇਤਨਾ ਜਗਾਈ ਸੀ –

ਜੈਸੀ ਮੈਂ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।
ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ (722)

ਪੱਛਮ ਤੋਂ ਆਉਣ ਵਾਲੇ ਪਹਿਲੇ ਹਮਲਾਵਰ ਸਿਕੰਦਰ ਨੇ ਆਪਣੇ ਗੁਰੂ ਪਲੂਟੋ (ਅਫਲਾਤੂ) ਦੀ ਸਿੱਖਿਆ ਅਨੁਸਾਰ ਭਾਰਤ ਤੋਂ ਅਨੇਕ ਵਿਦਿਆਵਾਂ ਦੇ ਗੁਣੀ ਵਿਦਵਾਨਾਂ ਨੂੰ ਯੂਨਾਨ ਜਾਣ ਲਈ ਪ੍ਰੇਰਿਆ ਸੀ। ਭਾਰਤ ਦੀ ਅਯੁਰਵੇਦ ਉਪਚਾਰ ਪੱਧਤੀ ਯੂਨਾਨੀ ਹਿਕਮਤ ਇਸੇ ਤਰ੍ਹਾਂ ਬਣੀ ਹੈ। ਅਗਰੇਲੇ ਹਮਲਾਵਰਾਂ ਨੇ ਰਾਜਧਨ ਜ਼ਰੂਰ ਲੁਟਿਆ ਤੇ ਆਪਣੀ ਧਰਮ ਅਸਥਾ ਦਾ ਜ਼ੁਲਮੀ ਪ੍ਰਚਾਰ ਵੀ ਕੀਤਾ ਸੀ। ਇਸਲਾਮੀ ਜਾਂ ਮੰਗੋਲ ਹਮਲਾਵਰਾਂ ਨੂੰ ਭਾਰਤੀ ਔਰਤਾਂ ਨਾਲ ਜਬਰ ਜਿਨਾਹ ਕਰਨ ਦਾ ਭੂਤ ਚੁੰਬੜਿਆ ਰਿਹਾ ਹੈ। ਇਹ ਹਮਲਾਵਰ ਸੋਹਣੇ ਮੁੰਡੇ ਤੇ ਕੁੜੀਆਂ ਨੂੰ ਲੁੱਟ ਦਾ ਮਾਲ ਬਣਾ ਕੇ ਲੈ ਜਾਂਦੇ ਸਨ। ਵਾਸਨਾ ਦਾ ਰਾਕਸ਼ੀਨਾਦ ਨੱਚ ਕੇ ਮਗਰੋਂ ਗੁਲਾਮ ਬਣਾ ਕੇ ਵੇਚ ਦੇਂਦੇ ਸਨ। ਗੁਰੂ ਜੀ ਨੇ ਬਾਬਰ ਨੂੰ ਜਾਬਰ ਕਿਹਾ ਜੋ ਇਸਤਰੀਆਂ (ਜੋਰੂ ਦਾ ਬਹੁਵਚਨ ਜੋਰੀ) ਦਾ ਦਾਨ ਲੈਣ ਲਈ ਸਰਮ ਧਰਮ ਤਿਆਗ ਕੇ ਜੋਰਾਵਰੀ ਲਈ ਉਤਾਰੂ ਹੋ ਕੇ ਆ ਰਿਹਾ ਸੀ। ਬਾਬਰ ਦੀ ਕੀਤੀ ਵਿਨਾਸ਼ ਲੀਲਾ ਦੇਖ ਕੇ ਬਾਬੇ ਦਾ ਕੋਮਲ ਹਿਰਦਾ ਕੁਰਲਾ ਉਠਿਆ। ਅਕਾਲ ਪੁਰਖ ਨੂੰ ਇਕ ਵਾਰੀ ਉਲਾਂਭਾ ਹੀ ਦੇ ਦਿੱਤਾ – ਏਤੀ ਮਾਰ ਪਈ ਕੁਰਲਾਵੇ ਤੈਂ ਕੀ ਦਰਦ ਨ ਆਇਆ?

ਕਰਤਾ ਤੂੰ ਸਭਨਾ ਕਾ ਕੋਈ
ਜੇ ਸਕਤਾ ਸਕਤੇ ਕਉ ਮਾਰੇ
ਤਾਂ ਮਨਿ ਰੋਸੁ ਨ ਹੋਈ॥ ਰਹਾਉ॥ (360)

ਪੰਜਵੇਂ ਗੁਰੂ ਨਾਨਕ ਨੇ ਚੌਥੇ ਬਾਬਰ ਦੇ ਅਤਿਆਚਾਰ ਦੇ ਨਾਲ ਸ਼ਹੀਦੀ ਪਾ ਕੇ ਕੁਰਬਾਨੀ ਦਾ ਪਾਠ ਪੜ੍ਹਾਇਆ। ਇਸ ਕੁਰਬਾਨੀ ਨਾਲ ਸਕਤੇ ਦਾ ਮੁਕਾਬਲਾ ਸ਼ਕਤੀ ਨਾਲ ਕਰਨ ਲਈ ਮੀਰੀ ਪੀਰੀ ਦਾ ਫਲਸਫਾ ਹੋਂਦ ਵਿਚ ਆਇਆ। ਇਹ ਫਲਸਫਾ ਖਾਲਸਾ ਪੰਥ ਦੀ ਰੂਪ ਰੇਖਾ, ਸਿੰਘ ਸਿਰਨਾਵੇਂ ਦੀ ਸਮਾਨਤਾ ਅਤੇ ਖੰਡੇ ਪਾਹੁਲ ਦੀਖਿਆ ਦੀ ਪੰਜ ਪਰਧਾਨੀ ਨਾਲ ਸਥਾਪਿਤ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਉਸਤਤਿ ਕਰਨ ਲਈ ਇਹ ਸਿਧਾਂਤ ਅਪਨਾਇਆ (ਜਾਪੁ)

ਤਵ ਸਰਵ ਨਾਮ ਕਥੇ ਕਵਨ (?)
ਕਰਮ ਨਾਮ ਬਰਨਤ ਸੁਮਤਿ ॥

ਪ੍ਰਭੂ ਦੀ ਕਰਮ ਨਾਮ ਉਚਾਰਦੇ ਤੇ ਨਮਨ ਕਰਦੇ ਹੋਏ ਗੁਰੂ ਜੀ ਅਕਾਲਪੁਰਖ ਦੇ ਸ੍ਰਿਸ਼ਟੀ ਸੰਚਾਨ ਨਾਲ ਜੁੜੇ ਸਰਬਵਿਆਪੀ (ਰਾਮ) ਸੰਗੀਤ ਨੂੰ ਅਤੇ ਇਸ ਦੇ ਨਾਮ ਰੂਪੀ ਆਕਰਸ਼ਣ (ਕ੍ਰਿਸ਼ਨ) ਸੰਗੀਤ ਨੂੰ ਜਾਪੁ ਬਣਾ ਦੇਂਦੇ ਹਨ ਇਸ ਨਾਦ ਸੰਗੀਤ ਨਾਲ ਹੀ ਕੁਦਰਤ ਦਾ ਦ੍ਰਿਸ਼ਮਾਨ ਨਿਰਤ ਹੋ ਰਿਹਾ ਹੈ:

ਨਮੋ ਗੀਤ ਗੀਤੇ। ਮਨੋ ਤਾਨ ਤਾਨੇ॥ (47)
ਨਮੋ ਨ੍ਰਿਤ ਨ੍ਰਿਤੇ॥ ਨਮੋ ਨਾਦ ਨਾਦੇ॥ (48)
ਨਮੋ ਗੀਤ ਗੀਤੇ॥ ਨਮੋ ਪ੍ਰੀਤ ਪ੍ਰੀਤੇ॥

ਖਾਲਸਾ ਪੰਥ ਦੀ ਸਿਰਜਨਾ ਕੀਰਤਨ ਸੰਗੀਤ ਭਰੇ ਵੈਸਾਖੀ ਮੇਲੇ ਵਿਚ ਕੀਤੀ ਗਈ ਸੀ। ਇਸ ਨਾਮ ਕੀਰਤਨ

ਸੰਗੀਤ ਨੂੰ ਕੰਨਾਂ ਤੋਂ ਹਿਰਦੇ ਵਿਚ ਸਥਾਪਿਤ ਕਰਕੇ ਆਤਮ ਜੋਤਿ ਜਗਾਣ ਦੀ ਕੀਰਤਨ ਵਿਧਾ ਨਾਲ ਜੋੜ ਕੇ ਆਤਮ ਪ੍ਰਕਾਸ਼ੀ ਹੋ ਕੇ ਖਾਲਸਾ ਖਾਲਸ ਹੋਣ ਦੀ ਇਹ ਕਸੌਟੀ ਰੱਖੀ ਗਈ:

ਪੂਰਨ ਜੋਤਿ ਜਗੈ ਘਟ ਮੇ ਤਬ ਖਾਲਸ ਤਾਹਿ ਨਖਾਲਸ ਜਾਨੈ॥

ਸੁਆਸਾਂ ਦੇ ਪ੍ਰਾਣ ਰੂਪੀ ਅਨਾਹਤ ਨਾਦ ਨੂੰ ਸ਼ਬਦ ਗੁਰਬਾਣੀ ਨਾਲ ਜੋੜ ਕੇ ਹੀ ਇਸ ਆਤਮ ਪ੍ਰਕਾਸ਼ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਆਤਮ ਚੇਤਨਾ ਨਾਲ ਜੁੜਨ ਲਈ ਗੁਰਬਾਣੀ ਰੂਪੀ ਗੁਰੂ ਆਦੇਸ਼ ਉਪਦੇਸ਼ ਦੇ ਕੀਰਤਨ ਦੀ ਉਪਮਾ ਸਰਵੋਪਰੀ ਰੱਖੀ ਗਈ ਹੈ। ਰਾਜ ਜੋਗ ਰੂਪੀ ਇਸ ਭਗਤੀ ਸਾਧਨਾ ਦੇ ਮਾਰਗ ਵਿਚ ਪ੍ਰਭੂ ਨਾਲ ਯੋਗ ਕਰਨ ਦਾ ਸਫਲ ਸਾਧਨ ਕੀਰਤਨ ਹੀ ਹੈ।

ਰਾਜ ਲੀਲਾ ਤੇਰੈ ਨਾਮਿ ਬਨਾਈ॥
ਜੋਗੁ ਬਨਿਆ ਤੇਰਾ ਕੀਰਤਨ ਗਾਈ॥ (885)

ਜਿਸ ਹਿਰਦੇ ਘਰ ਵਿਚ ਪ੍ਰਭੂ ਦੀ ਕੀਰਤ ਹੁੰਦੀ ਹੈ ਉਹ ਪ੍ਰਭੂ ਲਈ ਹੀ ਰਾਖਵਾਂ (ਮੰਦਿਰ) ਹੋ ਜਾਂਦਾ ਹੈ:

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥ (12)

ਕਾਵਿ ਰੂਪ ਵਿਚ ਉਚਾਰੇ ਗਿਆਨ ਉਪਦੇਸ਼ ਲੋਕਾਂ ਲਈ ਤਾਂ ਕੇਵਲ ਗੀਤ ਕਬਿਤ ਹੀ ਹੁੰਦੇ ਹਨ। ਇਸ ਲੋਕ ਰਵਾਇਤੀ ਕ੍ਰਮ ਨੂੰ ਤੋੜਨ ਲਈ ਸੰਤ ਕਬੀਰ ਜੀ ਦੋਤਾਰੇ ਦੀ ਧੁਨਿ ਵਿਚ ਉਚਾਰਦੇ ਹਨ:

ਸਾਵਲ ਸੁੰਦਰ ਰਾਮਈਆ
ਮੇਰਾ ਮਨੁ ਲਾਗਾ ਤੋਹਿ॥ ਰਹਾਉ॥
ਲੋਗੁ ਜਾਨੇ ਇਹੁ ਗੀਤ ਹੈ, ਇਹ ਤਉ ਬ੍ਰਹਮ ਬੀਚਾਰੁ।
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ।3।
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀਂ ਅੰਤਿ ਪਰਮਗਤਿ ਪਾਇ।4।

ਸੰਤ ਨਾਮ ਦੇਵ ਜੀ ਵੀ ਗੁਰੂ ਮੁਖ ਤੋਂ ਰਾਮ ਨਾਮ ਦਾ ਮੰਤਰ ਲੈ ਕੇ ਇਸ ਦੇ ਗਾਨਿ (ਹਾਰਦਿਕ ਕੀਰਤਨ) ਦਾ ਅਨੁਭਵ ਸਾਂਝਾ ਕਰਦੇ ਹਨ:

ਗੁਰਮਤਿ ਰਾਮ ਨਾਮ ਗਹੁ ਮੀਤਾ॥
ਪ੍ਰਣਵੈ ਨਾਮਾ ਇਉ ਕਹੈ ਗੀਤਾ॥ (874)

ਸੰਤ ਕਬੀਰ ਜੀ ਸਪਸ਼ਟ ਕਰਦੇ ਹਨ ਕਿ ਇਹ ਬਾਣੀ ਬ੍ਰਹਮ (ਚੇਤਨਾਵਾਂ) ਵਿਚਾਰ (ਗਿਆਨ) ਹੈ। ਰਾਸ਼ੀ ਸੰਸਾਰ ਦਾ ਸਭ ਤੋਂ ਵੱਡਾ ਗਰਘਟ ਹੈ ਜਿੱਥੇ ਜਾ ਕੇ ਮਰਨ ਵਾਲੇ ਮੁਕਤੀ ਨੂੰ ਪ੍ਰਾਪਤ ਕਰਨ ਦਾ ਭਰਮ ਪਾਲਦੇ ਹਨ। ਕਾਸ਼ੀ ਜਾ ਕੇ ਪ੍ਰਾਣ ਤਿਆਗਣ ਵਾਲੇ ਉਥੇ ਬ੍ਰਾਹਮਣ ਤੋਂ ਗਰੁੜ ਪੁਰਾਣ ਆਦਿਕ ਰਿਸ਼ੀਆਂ ਦੇ ਬਾਣੀ ਉਪਦੇਸ਼ ਸੁਣਦੇ ਹਨ। ਸੰਤ ਕਬੀਰ ਜੀ ਢੰਢੋਰਾ ਫੇਰਦੇ ਹਨ ਕੇ ਮੈਂ ਤਾਂ ਦਿਨ ਰਾਤ ਤੁਹਾਨੂੰ ਮੁਕਤੀ ਦਾਇਕ ਬ੍ਰਹਮ ਗਿਆਨ ਸੁਣਾ ਰਿਹਾ ਹਾਂ। ਜਿਹੜਾ ਰਾਮ ਨਾਮ ਦਾ ਕੀਰਤਨ ਗਾਉਂਦਾ ਹੈ ਜਾਂ (ਮਨ ਹਿਰਦੇ ਨਾਲ) ਸੁਣਦਾ ਹੈ ਉਹ ਪਰਮ ਧਾਮ ਨੂੰ ਜਾਂਦਾ ਹੈ।

ਇਸ ਤਰ੍ਹਾਂ ਸਾਰੀ ਗੁਰਬਾਣੀ ਹੀ ਬ੍ਰਹਮ ਗਿਆਨ ਦਾ ਰੂਪ ਹੈ। ਇਸ ਬਾਣੀ ਨੂੰ ਪ੍ਰਭੂ ਦੇ ਰੂਪ ਵਿਚ ਕੀਰਤਨ ਰਾਹੀਂ ਉਤਾਰਿਆ ਗਿਆ ਹੈ। ਇਸ ਦਾ (ਮਨਸਾ-ਵਾਚਾ-ਕਰਮਨਾ) ਕੀਰਤਨ ਕਰਨ ਵਾਲਾ ਗੁਰ ਪ੍ਰਸਾਦਿ ਨਾਲ ਉਸ ਅਨੰਤ ਨਾਦ ਕਿਹਾ ਜਾਂਦਾ ਹੈ। ਬੇਸ਼ੱਕ ਕੀਰਤਨ ਕਿੱਡਾ ਈ ਹੈ। ਭਾਈ ਮਰਦਾਨਾ ਜੀ ਨੂੰ ਸੰਗੀ ਬਣਾ ਕੇ ਗੁਰੂ ਬਾਬੇ ਨੇ ਭੈਣ ਨਾਨਕੀ ਨੂੰ ਭਾਈ ਮਰਦਾਨੇ ਦੇ ਪਰਿਵਾਰ ਪੋਸ਼ਣ ਦੀ ਜ਼ਿੰਮੇਵਾਰੀ ਵੀ ਸੌਂਪੀ ਸੀ। ਵੀਹ ਰੁਪਏ ਦਾ ਸੱਚਾ ਸੌਦਾ ਕਰਨ ਵਾਲੇ ਗੁਰੂ ਬਾਬੇ ਨੇ ਪੰਗਤ (ਲੰਗਰ) ਲਾ ਕੇ ਪਿਉ ਤੋਂ ਚਪੇੜਾਂ ਖਾਧੀਆਂ ਸਨ। ਮਸਤਾਨੇ ਵੀਰ ਨੇ ਭੈਣ ਤੋਂ ਵੀਹ ਰੁਪਏ ਲੈ ਕੇ ਮਰਦਾਨੇ ਨੂੰ ਰਬਾਬ ਖਰੀਦਣ ਲਈ ਭੇਜਿਆ ਸੀ। ਇਸ ਰਬਾਬ ਰਾਹੀਂ ਧਰਤੀ ਤੇ ਇਕ ਪਰਮੇਸ਼ਰ ਦੀ ਅਸਥਾ ਵਾਲੇ ਨਿਰਮਲ ਪੰਥ (ਸੰਗਤ) ਦੀ ਰਚਨਾ ਦਾ ਕ੍ਰਮ ਗੁਰੂ ਬਾਬੇ ਨੇ ਤੋਰਿਆ ਸੀ। ਸੰਗਤ ਤੇ ਪੰਗਤ ਨੂੰ ਪ੍ਰਫੁਲਿਤ ਕਰਨ ਵਾਲੇ ਕੀਰਤਨ ਜਦੋਂ ਓਅੰਕਾਰੀ ਚਿੱਤ ਹੋ ਜਾਂਦਾ ਹੈ ਤਾਂ ਹੀ ਧਰਤੀ ਤੇ ਬੈਕੁੰਠ ਉੱਤਰਦਾ ਹੈ।

C/o Gurdial Singh Rajinder Singh, # 162-a, Grain Market, Sector 26 , Chandigarh

# KIRTAN SAMRAT BHAI SAMUND SINGH

(An Ocean of Sikh Religious Music)

**Prof. Ravinder Gargesh & Rajinder Singh Chadha**

There are people who come to this world and make a noble presence and depart noiselessly. Their noble presence is felt through their devotedness to what they believe in and what they do, particularly if these are rooted in their cultural ethos. The life of Bhai Samund Singh is like a beacon that shows the path of happiness and fulfillment in today's complex world. His life displays a love for devotional music rooted in the desire to render Gurabni in its true classical Indian musical form that touches the inner chords of consciousness and provides peace, succor and rationality to the living. Sixty five years of his life were devoted to seeking perfection in singing devotional music in congregations, knows as Kirtan. He had a unique melodious voice, an extensive and deep understanding of Gurbani, correct interpretation of ragas, attractive style of singing and great human qualities. He is one of those rare gems, whose worth was recognized during his life time as well.

Bhai Samund Singh rendered Gurbani Kirtan for 36 years from All Indial Radio, Lahore and later from Jalandhar; and commanded wide listening. He got the unique distinction of becoming the first Sikh religiojs classical musician to perform a one-and-a-half hours long live program in the prestigious weekly Akhil Bhartiya Program of Classical Music, the highest recognition of his are, on a Saturday evening at the Delhi station of AIR. He was also given the state award by the Punjab government in 1971.

Bhai Samund Singh was born on January 1,1900 in an envioronment of devotional music and religion,in the family of Hazoora Singh and Karam Karu in village Hamzan, District Montgomery, now in Pakistan. HIs father worked with the Forest Department and also served as the Chief Sewadar at Gurudwara Nankana Sahib, the birth place of Guru Nanak. He laso performed Kirtan along with his brother Bhai Gurdit Singh, who played the Tabla. His grandmother Sada Kaur was a pious lady, whorecited Sukhmani Sahib everyday. The religious atmosphere permeated the being of the child Samund Singh and he begm to perpfoorm Kirtan on occasions like the Gurpurab and other religious gatherings and conferences from the tender age of 7 years.

While Samund Singh was still very young, his father has set a vigorous training regimen for the aspirant which continued for all times. Strict spiritual discipline (NItnem) and regular Riaz (practive) of theragas, was the hallmark of his life style. By the age of 12, Samund Singh has learnt a thousand Shabads from Guru GRanth Sahib by heart and recognizing his skills, he was appointed Hazoori Rai at Nankana Sahib, where he served in that position till 1947. At the age of 15,his rendering of **Kirat(i) Karam k-ai veechh(u)arh-ei Kar(i) Kirpa m-ai-lah(u)** Ram at the Sikh Educational Conference at

Ferozepur in 1915, won his a lot of praise. His father had provided the motivation and the young Samung Singh got training in music from Mahant Sham Singh. Thereafter, he also acquired the complexities of the traditional system of ragas from Bhai Hira Singh Pharukewala. He was also close to a contemporary Ragi Bhai Sher Singh Gujranwale. Later , he also got inspiration from Bhai Pyara Singh Rababi and from the noted classical vocalist Bade Gulam Ali Khan.

In 1947, after partition, Bhai Samund Singh migrated to India leaving behind his home and belongings. But he brought with him, with great care,his Tanpura for Riaz (practice of vocal mucis). Here he did not accept any position as a Ragi, neither of Harmandir Sahib nor of the position of a Royal Ragi in the Kindgdom of Patiala. In fact, after experiencing the freedom at Nankaba Sahib, he did not want to be surservient to anyone, He, thereofre, began to perform Kirtan whereever he was invited and of his own free will. Due to his artistic devotion to Gurmat music, he was ofter invited to the religions functions organized by Sant Attar Singh Mastuanewale, Baba Nand Singh Kaleranwale, Sant Sham Singh Attariwale, Sant Attar Singh Hoti Mardanwale, Sant Sangat Singh Kamalliyewale and Sant Ishar Singh Rarewale.

Bhai Samund Singh was well-built, though of a less than medium height. He had prominent eyes and good facial features with a nice flowing beard. He was generally clad in which Kurta-Pyjama, adorned a blue turban and wore an almong colored waistcoat. He was of a jovial nature. He was young with the young and old with the old. He was simple and open-hearted. Due to his good and kind nature, Bhai Teja Singh and Bhai Harnam Singh were part of his team for performing Kirtan for many years. He was also a successful householder. He got his three daughters and his only son high education and all of them are wel-settled in life. He was also fond of maintaining a floral garden as well as a good kitchen garden.

Many institutions have created people for the occupation of Kirtan, but none has replaced Bhai Samund Singh. Kiran in the Sikh tradition had begun from the time of Guru Nanak and this was carried forward by Guru Arjan, by providing Gurbani with the form and format of Indian classical music, so much so that the Guru declared Kirtan as the main medium of salvation:

ਕਲਯੁੱਗ ਮਹਿ ਕੀਰਤਨੁ ਪਰਧਾਨਾ ॥(1075)

**Kaljug meh kirtan pardhaanaa**

(In this Dark Age of Kali Yuga, the Kirtan of the Lord's Praises is most sublime and exalted)

and

ਤਹਾ ਬੈਕੁੰਠ ਕਹ ਕੀਰਤਨੁ ਤੇਰਾ (749)

**Tahaan(n)b-ei-kuntth Jeh Kirtan t-ai-raa**

(That place is heaven, where the Kirtan of the Lord's Praises is sung)

It is in this tradition that Bhai Samund Singh performed Kirtan at Kankana Sahib

for thirty five years. He combined the raga with the Bani in a very effective way. His voice was extremely melodious and he was not only steeped in Gurbani and knew it well but was also a connoisseur of the Indian classical musical tradition. He sand the Bani very vlearly and melodiously. He often performed Kirtan in the Thumri format, but had the capacity to render the same Bani in different ragas too. At times he could change the raga midway during the rendition of a Shabad yet not violate its continuity. He was also fond of using the folowing musical forms for singing the Shabads: Raag Sorath, Multani, Kafi, Bhairavi, Maand, Darbar, Aasaavari and Bahaar. While at Nankana Sahib, Bhai Samund Singh was accorded more slots to perpform Asa Ki Vaar, because he mastered the technique of the rendering of Tunde Asraje Ki Dhuni to peprfection. One of his masterpieces is supposed to be the rendering of the shabad **Bhinnee r-er-nar(h)ee-ei chaamkan(i) taar-ai** in Raag Sorth. His rendition of the Shabads in the film Nanak Naam Jahaaz Hai **Kal(i) taaran Guru Nanak aaiaa and Satgur Nanak pargatiaa miti dhundh jagg chaanan(h) hoaa** in Rag Bahaar made him extremely popular in the country.

Bhai Samund Sing generally began his renderings of a Shabad with a Manglaacharan, rendered in Vilambat it taal. After a short Alaap, he used to go directly into the Madh Lai. This would set the mood of the Kirtan and the entire Shabad would be completed in the same tempo. His style of rendition was named Chhota Raga Shailee. This Bhai Sahib always sang in a completely relaxed style in all kinds of notes and unlike his contemporary Bhai Santa Singh, sledon went into the highest notes. Through prolonged Riaz, he had developed such a fine technique in his voice that he could render the most difficult modulations with perpfect ease. He not only sang Shabads as per the ragas laid down in Guru Granth Sahib but also experimented by rendering them in other ragas of the Indian Classical tradition.

He therefore, contributed creatively in furthering the art of rendering the Shabads in the classical traditional styles. Bhai Sahib was very particular about the timing of the raga. He rarely made a variation from the strict time regimen of the ragas. He was a versatile singer and was praised the renowned maestro Bade Gulam Ali Khan and by musicians like Dalip Chander Bedi. Versatile film actor Balraj Sahni rated him amongst the best four artisits of Punjab- the other three being Gurbaksh Singh (Founder-Editor,Preet Larhi), Sobvha Singh (Painting) and Ustad Bade Ghulam Ali Khan (Classical Music). The Punjab GTovernment recognized him as the master Ragi and twice bestowed on him the Bhai Mardana Award. He was also recognized as as 'A' category vocalist by the All India Radio, Jalandhar, which has fized Friday of every week for Shabad Kirtan program of Bhai Sahit at the only radio station of Punjab.

After Partition, Bhai Samund Singh settled down in Ludhiana. He was an eminent Ragi, who not only sand but carefully listened to others' performances as well. In Ludhiana, he formed the Gurmat Ragi Sabha in 1956. He remained its President for about 16 years and organized annual programs of Kirtan rendition by different Ragis. In this way, he was instrumental in making Ludhiana the center for Ragis. In his life time, he performed Kirtan and got widespread recognition. He is said to have begun to gain fame at the age of 15 with his rendering of **Kirat(i) karam k-ai veechh(u)arh-ei Kar(i) Kirpaa**

**m-ai-lah(u)** Ram and this kept spreading till his last rnedering on all India Radio of the Shabad **M-ai-(i) l-ei-h(u) da(i)aal dheh pae duaaroaa Rakh l-ai-veh(u) deen da(i)aal Bhramat bah (u) haariaa.**

Bhai Samund Singh was against mixing Katha (a lecture or a spiritual discourse) with Kirtan. Bhai Sahib Bhai vir Singh was also vehemently opposed to Katha by the Ratgis. He firmly believed that Katha should be the doman of the interpreters of the Guru's 'Word', as much as te kathakars should leave the art of singing of the Gurbani hymns to the Ragis. Each can doa better job in his field of speciality.

Towards the end of 1971, Bhai Samund Singh was a very sad grand old man of Sikh religious music. Public taste of the Sikh community had teteriorated significantly. Mediocrity had taken hold in popular kirtan and those, who has struggled hard to hone their skills in the ragas, were being short-changed. Even the authorities running the historic Sikh shrines were quire indifferent to the merit of the Hazoori Ragis.

On January 5, 1972, after a bout with ill health, the master of melodies merged with the divine light.

Bhai Samund Singh is one of greatest Sikh musicians. His renderings and contrubutions need to be highlighted in gibing thisgreat singer his rightful place in the history of Sikh devotional music. To use some of Kartar Singh Duggal's words, "Bhai Sahib will be remembered for singing in the simplified classical mould and for exquisitely balancing the emoitional effect of music with the spiritual appeal of the 'Word' by repeating phrases with bubtle variations. His 65 years of devotion and achievements do make him the Kirtan Samrat (King of Kirtan) of India. His live was that of a great performer, who lived a simple and straight-forward life. Today, the society needs devoted Ragis like Bhai Samund Singh, who are not only well-versed in the Bani but with the classical tradition too. Ragis, who, like him, get fully immersed in the Kirtan with their eyes closed, and who not only become oblivious of where they are but also carry the audience into the spiritual realm.

All India Radio has been quite irresponsible in preserving Bhai Samund Singh's melodious voice. Hundreds of hours of his tape recordings were lying unprotected in the storage of AIR Jalandhar. Some of these tapes were later erased to be used for recording music of other new artists. The lifelong treasure of the genius had been destroyed due to the callous negligence and lack of professionalism. His famous recording of Asa Ki Vaar by AIR, Jalandhar, has also been lost forever. If all his recordings would have been preserved, we could listen to hundreds of hours of finest renditions by one of finest exponents of the art.

**Courtesy : Eternal Voice, November, 2010**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸ੍ਵਰ ਹੀ ਈਸ਼ਵਰ

ਕਰਮ ਸਿੰਘ ਰਤਨ

ਸ੍ਰਿਸ਼ਟੀ ਦੀ ਪੈਦਾਇਸ ਵੇਲੇ ਇਕ ਹੋਇਆ ਸੀ ਨਾਦ
ਰਾਗ ਰੂਪ ਹੋ ਗੂੰਜੇ ਪ੍ਰਭੂ ਜੀ, ਹੋ ਕੇ ਰੱਬੀ ਨਾਦ
ਸਾਰੀ ਸ੍ਰਿਸ਼ਟੀ ਦੇ ਵਿਚ ਰਵਿਆ, ਐਸਾ ਰੱਬੀ ਨਾਦ
ਕ੍ਰੋੜਾਂ ਬ੍ਰਹਿਮੰਡਾਂ ਦਾ ਕਰਤਾ, ਅਕਾਲ ਪੁਰਖ ਹੈ ਨਾਦ 1
ਪ੍ਰਭੂ ਨੇ ਧਾਰੇ ਰੂਪ ਇਹ ਸਾਰੇ, ਐਸਾ ਕੀਆ ਪਾਸਾਰ
ਸੂਰਜ, ਚੰਦ ਤੇ ਬ੍ਰਹਮਾ ਵਿਸ਼ਨੂੰ, ਸ਼ਿਵ ਦਾ ਵੀ ਅਵਤਾਰ
ਸੁਰ ਰੂਪ ਹੋ ਗੂੰਜੇ ਪ੍ਰਭ ਜੀ, ਪਾਤਾਲਾ ਅਤੇ ਆਕਾਸ਼
ਪ੍ਰੇਮ ਦੀ ਧੁਨ ਗੂੰਜੀ ਬ੍ਰਹਿਮੰਡੀਂ, ਜੋ ਗੂੰਜੀ ਸਭ ਕਾਇਨਾਤ 2
ਜੰਗਲੀ ਜੀਵਾਂ ਦੇ ਅੰਦਰੋਂ ਨਿਕਲੀ, ਇਹ ਰੱਬੀ ਆਵਾਜ਼
ਚਉਰਾਸੀ ਲੱਖ ਜੂਨਾਂ ਵਿਚੋਂ, ਪ੍ਰਭੂ ਦੀ ਆਈ ਆਵਾਜ਼
ਮਿੱਠੇ ਮਿੱਠੇ ਸੁਰ ਵਿਚ ਬੋਲੇ, ਕੋਇਲਾਂ ਅਤੇ ਚਕੋਰ
ਮਸਤੀ ਵਿਚ ਆ ਹਾਥੀ ਬੋਲਿਆ, ਤੇ ਬੋਲੇ ਪਪੀਹੇ ਮੋਰ
ਕੂਕਰ ਬੋਲੇ, ਸ਼ੇਰ ਵੀ ਬੋਲੇ, ਘੋੜੇ ਬੋਲੇ ਆਣ
ਬਕਰੀ ਬੋਲੀ, ਮੈਡਿੰਕ ਬੋਲੇ, ਸਭ ਦੀ ਵੱਖ ਪਹਿਚਾਣ
ਸੱਤ ਜੂਨਾਂ 'ਚੋਂ, ਸੱਤ ਸੁਰਾਂ ਦੀ, ਹੋਈ ਫਿਰ ਪਹਿਚਾਣ
ਚਉਰਾਸੀ ਲਖ ਜੂਨ 'ਚੋਂ ਗੁਣੀਆਂ, ਕੱਢੇ ਸੱਤ ਸੁਰ ਆਣ 4
(ਸਾ) ਦੀ ਆਵਾਜ਼ ਲਈ ਮੋਰ ਤੋਂ, ਪਪੀਹੇ ਤੋਂ (ਰੇਅ)
ਬਕਰੀ ਤੋਂ ਸੁਣੀ ਆਵਾਜ਼ ਸੀ (ਗਾ) ਦੀ, ਚਕੋਰ ਤੋਂ (ਮਾ) ਹੈ ਇਹ
ਕੋਇਲ ਗਾਇ ਆਵਾਜ਼ ਹੈ (ਪਾ) ਦੀ, ਧਾ ਬੋਲੇ ਮੈਂਡਿਕ ਆਣ
ਹਾਥੀ ਨੇ ਕੱਢੀ ਆਵਾਜ਼ ਸੀ (ਨੀ), ਦੀ, ਧਾਰੇ ਸੱਤ ਸੁਰ ਆਣ 5
ਸੱਤ ਸੁਰਾਂ ਹਨ, ਸੱਤ ਹੀ ਦਿਨ ਨੇ, ਰਾਵਿ ਦਾ ਸੁਰ ਹੈ (ਸਾ)
ਚੰਦ੍ਰ ਦਾ (ਰੇ) ਤੇ ਮੰਗਲ (ਗਾ) ਹੈ, ਬੁੱਧ ਦਾ ਸੁਰ ਹੈ (ਮਾ)
ਗੁਰੂ ਦਾ (ਪਾ) ਹੈ (ਧਾ) ਸ਼ੁੱਕਰ ਦਾ, (ਨੀ) ਆਏ ਸ਼ਨੀ ਦੇਵ
ਸੱਤ ਦਿਨਾਂ ਦੇ, ਸੱਤ ਸੁਰਾਂ ਦੇ, ਵੱਖੋ ਵੱਖ ਨੇ ਦੇਵ 6
ਸਰਗੁਣ ਰੂਪ ਪ੍ਰਭਾਂ ਦਾ ਸੁਰ ਹੈ (ਸਾ) ਤੋਂ ਬਣਦਾ ਹੈ ਸਤਿਨਾਮ
ਰਵਿਆ ਸਾਰੀ ਸ੍ਰਿਸ਼ਟੀ ਦੇ ਵਿਚ, (ਰੇ) ਤੋਂ ਜਪੀਏ ਰਾਮ ਹੀ ਰਾਮ
(ਗਾ) ਗੁਰੂ ਹੈ, ਸੱਤ ਧਰਮਾਂ ਦਾ (ਮਾਂ) ਧਰਤੀ (ਪਾ) ਪਿਤਾ ਹੈ ਰਾਮ
(ਧਾ) ਧਰਮੀ ਹੈ, (ਨੀ) ਨਿਆਇ ਹੈ, ਸੱਤ ਸੁਰਾਂ 'ਚ ਪ੍ਰਭੂ ਦਾ ਨਾਮ 7
ਧਰਤੀ ਤੇ ਛੇ ਰੁੱਤਾਂ ਛਾਈਆਂ, ਛੇ ਹੀ ਰਾਗ ਮਾਲਾ ਦੇ ਰਾਗ
ਛੇ ਰੁੱਤਾਂ ਵਿਚ ਚਲਦਾ ਜੀਵਨ, ਛੇ ਰੁੱਤਾਂ ਦੇ ਛੇ ਮੁੱਖ ਰਾਗ
ਬਸੰਤ ਰੁੱਤ 'ਹਿੰਡੋਲ' ਰਾਗ ਹੈ, ਗ੍ਰੀਸ਼ਮ ਦਾ ਹੈ 'ਦੀਪਕ' ਰਾਗ

ਵਰਸ਼ਾ ਰੁੱਤ ਦਾ 'ਮੇਘ' ਰਾਗ ਹੈ, ਸਰਦ ਰੁੱਤ ਦਾ 'ਭੈਰਵ' ਰਾਗ
ਸਿਸੀਅਰ ਰੁੱਤ ਦਾ, 'ਮਾਲਕੌਂਸ' ਅਤੇ ਹਿੰਮਤ ਰੁੱਤ ਦਾ ਹੈ 'ਸ੍ਰੀ ਰਾਗ'
ਫਿਰ ਛੇ ਰਾਗਾਂ ਦੇ ਪੁੱਤਰ ਪੋਤਰੇ, ਬਣ ਗਏ ਇਹ ਅਨੰਤ ਹੀ ਰਾਗ
ਛੇ ਰਾਗ, ਛੇ ਦੇਵਤੇ ਹਨ ਜੀ, ਜੋ ਸਾਰੇ ਹੀ ਪ੍ਰਭੂ ਦੇ ਰੂਪ
ਇਹਨਾਂ ਤੋਂ ਸਭ ਸ੍ਰਿਸ਼ਟੀ ਚਲਦੀ ਜੋ ਸਾਰੇ ਹਨ ਰਾਗ ਦੇ ਰੂਪ 9

ਬ੍ਰਹਮ ਦੇਵ ਹਿੰਡੋਲ ਰਾਗ ਹਨ, ਦੀਪਕ ਰਾਗ ਹੈ ਸੂਰਜ ਦੇਵ
ਇੰਦ੍ਰ ਦੇਵਤਾ 'ਮੇਘ' ਰਾਗ ਹੈ, 'ਭੈਰਵ' ਰਾਗ ਹਨ ਸ਼ਿਵ ਜੀ ਦੇਵ
'ਮਾਲਕੌਂਸ' ਜੋ ਚੰਦ੍ਰ ਦੇਵ ਹੈ, ਵਿਸ਼ਨੂੰ ਜੀ ਉੱਤਮ 'ਸ੍ਰੀ ਰਾਗ'
ਛੇ ਰਾਗਾਂ 'ਚੋਂ ਸਭ ਤੋਂ ਵੱਡਾ, ਪਵਿੱਤ੍ਰ ਪਾਵਨ ਹੈ ਸ੍ਰੀ ਰਾਗ 10

ਪੰਜ ਤੱਤਾਂ ਦੀ ਸ੍ਰਿਸ਼ਟੀ ਸਾਜੀ, ਪੰਜ ਤੱਤਾਂ ਦੇ ਪੰਜ ਹੀ ਰਾਗ
ਹਿੰਡੋਲ ਤੇ ਦੀਪਕ, ਮੇਘ ਰਾਗ ਤਿੰਨ, ਸ੍ਰੀ ਰਾਗ ਮਾਲਕੌਂਸ ਦੇ ਰਾਗ
ਮਿਟੀ ਤੋਂ ਸ੍ਰਿਸ਼ਟੀ ਪੈਦਾ ਕਰਦੇ, ਬ੍ਰਹਮਾ ਜੀ ਹਿੰਡੋਲ ਹੈ ਰਾਗ
ਪਾਣੀ ਹੀ ਪਿਤਾ ਜਗਤ ਦਾ ਹੈ, ਪਾਣੀ ਦੇਂਦਾ ਮੇਘ ਹੈ ਰਾਗ 11

ਅਗਨੀ ਸਭ ਦੇ ਅੰਦਰ ਹੈ, ਅਗਨੀ ਦਾ ਹੈ ਦੀਪਕ ਰਾਗ
ਹਵਾ ਦੇ ਨਾਲ ਸ੍ਵਾਸ ਨੇ ਚਲਦੇ, ਹਵਾ ਪਵਨ ਹੈ ਗੁਰੂ ਸ੍ਰੀ ਰਾਗ
ਆਕਾਸ਼ ਜੋ ਅੰਦਰ ਬਾਹਰ ਹੈ, ਮਾਲਕੌਂਸ ਆਕਾਸ਼ੀ ਰਾਗ
ਭੈਰਵ ਦੇ ਸਭ ਹੁਕਮ 'ਚ ਰਹਿੰਦੇ, ਪ੍ਰਥਮ ਰਾਗ ਹੈ ਭੈਰਵ ਰਾਗ 12

ਪ੍ਰਥਮ ਸਥਾਨ ਵਿਸ਼ਨੂੰ ਦਾ ਹੈ, ਜੋ ਹੈ ਸਭ ਸ੍ਰਿਸ਼ਟੀ ਦਾ ਆਦਿ
ਵਿਸ਼ਨੂੰ ਹੀ 'ਸ੍ਰੀ ਰਾਗ' ਹੈ ਪਹਿਲੇ, ਹਿੰਮਤ ਰੁੱਤ ਦਾ ਹੈ ਇਹ ਰਾਗ
ਮਹਾਰਾਜਾ ਹੈ ਸਭ ਰਾਗਾਂ ਦਾ, ਪਵਿਤ੍ਰ ਪਾਵਨ ਹੈ ਸ੍ਰੀ ਰਾਗ
ਸਭ ਮਿਲ ਸ੍ਰੀ ਰਾਗ ਵੈ ਗਾਵਹਿ,ਜੋ ਰਾਗਾਂ ਵਿਚ ਹੈ ਸ੍ਰੀ ਰਾਗ 13

ਕੋਮਲ ਰੇ ਧਾ ਲਾਇ ਕੈ, ਨੀ ਗਾ ਮਾ ਤੀਵਰ ਲਾਇ
ਪਾ ਵਾਦੀ ਸੁਰ ਲਾਇ ਕੈ, ਸੰਵਾਦੀ ਸੁਰ ਰੇ ਲਾਏ
ਆਰੋਹ ਵਿਚ ਧਾ ਗਾ ਵਰਜ ਕੇ, ਤਬ 'ਸ੍ਰੀ ਰਾਗ' ਬਣ ਜਾਏ
ਸਾ ਰੇ ਰੇ ਪਾ ਪਾ ਮਾ ਗਾ ਰੇ, ਰੇ ਰੇ ਸਾ, ਮੁੱਖ ਅੰਗ ਲਾਏ 14

ਪੂਰਬੀ ਠਾਠ ਦੀ ਸੁਰਾਂ ਤੋਂ ਪਰਗਟ ਹੋਇਆ ਹੈ ਸ੍ਰੀ ਰਾਗ
ਸੱਤੇ ਸੁਰਾਂ ਸੰਪੂਰਨ ਲੈ, ਸੰਪੂਰਨ ਜਾਤੀ ਦਾ ਏਹ ਰਾਗ
ਸ਼ਾਮ ਦੇ ਸਮੇਂ ਹਿਮੰਤ ਰੁੱਤ ਵਿਚ, ਗਾਇਆ ਜਾਏ ਇਹ ਰਾਗ
ਸੱਭੇ ਇਛਾਂ ਉਸ ਦੀ ਪੂਰਨ, ਸਾਧਨਾ ਕਰ ਲਏ ਜੋ ਸ੍ਰੀ ਰਾਗ 15

ਦੂਜੇ ਨੰਬਰ ਤੇ ਆ ਗਏ, ਬ੍ਰਹਮਾ ਜੀ ਰਾਗ ਹਿੰਡੋਲ
ਬਸੰਤ ਰੁੱਤ ਵਿਚ ਗਾਇਆ ਜਾਵੇ, ਮਿੱਠੇ ਇਸ ਦੇ ਬੋਲ
ਵਿਸ਼ਨੂੰ ਦੀ ਨਾਭੀ ਤੋਂ ਉਪਜੇ, ਬ੍ਰਹਮਾ ਰਾਗ ਹਿੰਡੋਲ
ਝੂਲੇ ਬੈਠ ਕੇ ਝੂਲਦੇ, ਅਤੇ ਪ੍ਰੇਮ ਦੇ ਕਰਨ ਕਲੋਲ 16

ਰੇ ਤੇ ਪਾ ਨੂੰ ਤਿਆਗ ਕੇ, ਜਾਤੀ ਹੈ ਆੜਵ ਮਾਨ
ਧਾ ਗਾ ਵਾਦ ਸੰਵਾਦ ਕਰ, ਸ਼ਾਮ ਸਮੇਂ ਇਹ ਗਾਨ
ਧਾ ਨੀ ਧਾ ਨੀ ਮਾ ਧਾ ਸਾ, ਮੁੱਖ ਸੁਰ ਵਿਚ ਪਹਿਚਾਨ
ਕਲਿਆਣ ਠਾਠ ਤੋਂ ਪ੍ਰਗਟ ਹੁੰਦਾ, ਮੱਧਮ ਤੀਬਰ ਲਾਣ 17

ਬਸੰਤ ਰੁੱਤ ਵਿਚ ਕੁਦਰਤ ਖਿੜਦੀ, ਮਹਿਕੇ ਸਭ ਕਾਇਨਾਤ
ਬੂਰ ਪਵੇ ਜਦ ਅੰਬਾਂ ਨੂੰ, ਤਾਂ ਗਾਇਆ ਕੋਇਲਾਂ ਰਾਗ
ਹਵਾ ਚੱਲੇ ਜਦ ਮਿੱਠੀ ਮਿੱਠੀ ਤਾਂ ਝੂਲੇ ਚਲਦੇ ਆਣ
ਬੱਚੇ ਰੋਂਦੇ ਚੁੱਪ ਹੋ ਜਾਂਦੇ, ਆਏ ਮਿੱਠੀ ਨੀਂਦ ਮਹਾਨ 18
ਤੀਜੇ ਸਥਾਨ ਤੇ ਭੈਰਵ ਆਵੇ, ਭੈਰਵ ਹੈ ਸ਼ਿਵ ਦਾ ਰੂਪ
ਸ਼ਿਵ ਓਮ ਦਾ ਮਤਲਬ ਸੋਇਮ ਹੈ, ਸ਼ਿਵ ਜੀ, ਭੈਰਵ ਦਾ ਰੂਪ
ਰੁਤ ਸਰਦ ਹੈ ਭੈਰਵ ਦੀ, ਰਾਗ ਗਾਈਏ ਇਹ ਪ੍ਰਭਾਤ
ਸ਼ਿਵ ਭੈਰਵ ਦੇ ਦਰਸ਼ਨ ਹੁੰਦੇ, ਆਏ ਜਦ ਪ੍ਰਭਾਤ 19
ਧੈਵਤ ਵਾਦੀ, ਰੇ ਸੰਵਾਦੀ, ਕੋਮਲ ਰੇ ਧਾ ਮਾਨ
ਸਾ ਰੇ ਗਾ ਮਾ ਪਾ ਧਾਨੀ, ਇਹ ਸੱਤੇ ਸੁਰ ਲੱਗ ਜਾਨ
ਗਾ ਮਾ ਧੁ, ਧੁ ਪਾ ਗਾ ਮਾ ਰੇ ਰੇ ਸਾ ਮੁਖ ਅੰਗ ਵਿਚ ਮਾਨ
ਭੈਰਵ ਦੀ ਆਵਾਜ਼ ਦੇ ਨਾਲ, ਕੋਹਲੂ ਚਲੇ ਆਣ। 20
ਚਉਥਾ ਨੰਬ੍ਰ ਦੀਪਕ ਦਾ, ਜੋ ਗ੍ਰਸ਼ਮ ਰੁੱਤ ਦਾ ਰਾਗ
ਦੀਪਕ ਹੋ ਕੇ ਆਇਆ ਸੂਰਜ, ਸਾਰੇ ਬ੍ਰਹਿਮੰਡ ਤੇ ਰਾਜ
ਅੱਗ ਤੇ ਚਾਨਣ ਜੱਗ ਨੂੰ ਦਿੱਤਾ, ਪ੍ਰਭੂ ਬਣ ਕੇ ਸੂਰਜ ਦੇਵ
ਦੀਪਕ ਗਾਏ ਤੇ ਦੀਵੇ ਬਲਦੇ, ਇਹ ਦੀਪਕ ਦੀ ਹੈ ਸੇਵ 21
ਆਰੋਹ ਵਿਚ ਰੇ ਨੂੰ ਤਿਆਗ ਕੇ, ਨੀ ਅਵਰੋਹ ਨਾ ਲਾਇ
ਸ਼ਾੜਵ ਸ਼ਾੜਵ ਜਾਤੀ ਇਸਦੀ, ਦੀਪਕ ਰਾਗ ਨੂੰ ਗਾਇ।
ਸਾ ਪਾ ਵਾਦ ਸੰਵਾਦ ਕਰ, ਠਾਠ ਪੂਰਬੀ ਇਹ ਆਇ
ਪਾ, ਗਾ ਪਾ ਗਾ ਮਾ ਰਗਾ ਰੇ ਸਾ, ਮੁੱਖ ਅੰਗ ਦੀਪਕ ਗਾਇ 22
ਸੂਰਜ ਕਾਰਨ ਸ੍ਰਿਸ਼ਟੀ ਚਲਦੀ, ਇਹ ਸੂਰਜ ਦੀ ਸ਼ਾਨ
ਜੀਅ ਜੰਤ ਨੂੰ ਸ਼ਕਤੀ ਮਿਲਦੀ, ਬਨਸਪਤਿ ਫਲੇ ਮਹਾਨ
ਫਿਰ ਮੋਰ ਪਪੀਹੇ ਕੂਕਦੇ, ਤਾਂ ਸੁਣ ਲਈ ਪੁਕਾਰ
ਫਿਰ (ਮੇਘੈ ਨੂੰ ਫੁਰਮਾਨ ਹੋਆ, ਵਰਸਹੁ ਕਿਰਪਾ ਧਾਰ 23
ਫਿਰ ਪੰਜਵਾਂ ਰੂਪ ਪ੍ਰਭੂ ਬਦਲ ਕੇ, ਬਣ ਗਏ ਮੇਘਾ ਰਾਗ
ਰਹਿਮਤ ਦੀ ਬਾਰਸ਼ ਬਣ ਕੇ ਤੇ, ਵਸਿਆ ਫਿਰ ਇਕ ਓਅੰਕਾਰ
ਕਾਫੀ ਠਾਠ ਦੀ ਸੁਰਾਂ 'ਚੋਂ, ਧਾ ਗਾ ਜਦ ਕੱਢੇ ਆਣ
ਦੋਵੇਂ ਹੀ ਨੀਂ ਲਗਾਇ ਕੈ, ਹੋਈ ਮੇਘ ਰਾਗ ਪਹਿਚਾਨ 24
ਸਾ ਵਾਦੀ ਮਾ ਸੰਵਾਦ ਲਾ, ਕਰ ਮੇਘ ਰਾਗ ਦਾ ਗਾਣ
ਰੇ ਮਾ ਰੇ ਸਾ, ਨੀ ਪਾ ਨੀ ਸਾਂ, ਹੈ ਮੁੱਖ ਅੰਗ ਇਸ ਦਾ ਜਾਣ
ਕਾਫੀ ਠਾਠ ਦੀ ਸੁਰਾਂ 'ਚੋਂ, ਕਰ ਆੜਵ ਜਾਤੀ ਧਾਰ
ਸਭ ਧਰਤ ਭਈ ਹਰਿਆਵਲੀ, ਜਦ ਵਸਿਆ ਮੇਘ ਮਲ੍ਹਾਰ 25
ਛੇਵਾਂ ਰਾਗ ਮਾਲਕੌਂਸ ਹੈ, ਰੁੱਤ ਸਿਸਅੀਰ ਠੰਢੀ ਰਾਤ
ਐਸੀ ਠੰਢੀ ਰਾਤ ਮੇਂ, ਸਭ ਸੁੰਗੜ ਗਈ ਕਾਇਨਾਤ
ਹੌਕਾ ਨਿਕਲੇ ਠੰਢ ਸੇ, ਔਰ ਹੂਕ ਬਿਰਹਾ ਕੀ ਆਏ
ਚੰਦ੍ਰ ਦੇਵ ਜੀ ਮਾਲਕੌਂਸ ਬਣ, ਆਧੀ ਰਾਤ ਕੋ ਆਏ 26
ਭੈਰਵੀ ਠਾਠ ਦੀ ਸੁਰਾਂ ਤੋਂ, ਜਣ ਆੜਵ ਜਾਤ ਬਨ ਜਾਇ

ਸਾ ਗੁ ਮਾ ਧੁਾ ਨੁੀ ਕੀ ਸੁਰ ਸੇ, ਮਾਲਕੌਂਸ ਬਣ ਜਾਇ
ਐਸੀ ਠੰਢੀ ਰਾਤ ਮੇ, ਜਬ ਪਾਣੀ ਬਰਫ਼ ਹੋ ਜਾਇ
ਮਾਲਕੌਂਸ ਕੀ ਹੇਕ ਸੇ, ਤਬ ਪਾਥਰ ਭੀ ਪਿਘਲਾਇ 27
ਰੇ ਔਰ ਪਾ ਕੋ ਛੋੜ ਕਰ, ਸਭੀ ਕੋਮਲ ਸੁਰ ਮਾਨ
ਮਾ ਸਾ ਵਾਦ ਸੰਵਾਦ ਕਰ, ਇਹ ਮਾਲਕੌਂਸ ਪਹਿਚਾਨ
ਮਾ ਗੁਾ, ਮਾ, ਧੁਾ, ਨੁੀ, ਧੁ, ਗੁਾ, ਸਾ, ਮੁੱਖ ਅੰਗ ਇਹ ਜਾਨ
ਸ਼ਹਿਦ ਵਰਗਾ ਰਾਗ ਹੈ, ਮਾਲ ਕੌਂਸ ਸੱਚ ਜਾਣ 28
ਗੁਰੂ ਅਰਜਨ ਜੀ ਲਿਖ ਗਏ, ਜੋ ਰਾਗ ਮਾਲਾ ਗੁਰੂ ਗ੍ਰੰਥ
ਇਹਦਾ ਭੇਦ ਨਾ ਹਰ ਕੋਈ ਜਾਣਦਾ, ਜੋ ਜਾਣੈ ਹਰਿ ਜਨ ਸੰਤ
ਛੇ ਰਾਗ ਸਤਿਗੁਰਾਂ ਲਿਖੇ, ਤੇ ਸੰਗ ਰਾਗਨੀ ਭੀਸ
ਸਭੈ ਪੁਤਰ ਰਾਗੰਨ ਕੇ, ਆਠਾਰਹ ਦਸ ਬੀਸ 29
ਇਹ ਮਾਲਾ ਚੌਰਾਸੀ ਰਾਗਾਂ ਦੀ, ਜੋ ਜਾਪੇ ਚੁਰਾਸੀ ਕਟ ਜਾਂਦੀ
ਅਨੰਤ ਰਾਗ ਜੋ ਜਾਣਦਾ, ਓਹਦੀ ਬੁੱਧੀ ਨਿਰਮਲ ਹੋ ਜਾਂਦੀ
ਭਲੋ ਭਲੋ ਓਹ ਕੀਰਤਨੀਆਂ, ਉਸ ਚਰਨੀ ਲਛਮੀ ਆ ਜਾਂਦੀ
ਨਾਮ ਪ੍ਰਭੂ ਦਾ ਰਾਗ 'ਰਤਨ' ਹੈ, ਜੋ ਗਾਵੇ ਫਾਸੀ ਕੱਟ ਜਾਂਦੀ। 30

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-141008
ਮੋਬਾਇਲ : 9780708747, 9463244912

Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਭਾਰਤੀ ਸੰਗੀਤ ਵਿੱਚ 'ਕਾਕੂ' ਦਾ ਮਹੱਤਵ

## ਡਾ. ਰਾਜੇਸ਼ ਸ਼ਰਮਾ

ਨਾਦ ਸ੍ਰਿਸ਼ਟੀ ਰਚਨਾ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ। ਜਿਸਨੂੰ ਪ੍ਰਾਚੀਨ ਰਿਸ਼ੀਆਂ-ਮੁਨੀਆਂ ਨੇ ਨਾਦ ਬ੍ਰਹਮ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਸ੍ਰਿਸ਼ਟੀ ਦੇ ਕਣ-ਕਣ ਵਿਚ ਚਾਹੇ ਉਹ ਦ੍ਰਿਸ਼ਟਮਾਨ ਹੋਵੇ ਜਾਂ ਅਦ੍ਰਿਸ਼ਟ, ਵਿਅਕਤ ਹੋਵੇ ਜਾਂ ਅਵਿਅਕਤ ਨਾਦ ਦੀਆਂ ਵਿਭਿੰਨ ਸਵਰ ਲਹਿਰੀਆਂ ਇਸ ਸਾਰੇ ਪਸਾਰੇ ਵਿਚ ਰੂਪਮਾਨ ਹੁੰਦੀਆਂ ਹਨ। ਸ੍ਰਿਸ਼ਟੀ ਵਿਚ ਪਸਰਿਆ ਇਹ ਨਾਦ ਸੰਗੀਤ ਜਗਤ ਵਿਚ ਭੌਤਿਕ ਆਧਾਰ ਵਜੋਂ ਮੰਨਿਆ ਜਾਂਦਾ ਹੈ ਕਿਉਂਕਿ ਸਾਰੀਆਂ ਪ੍ਰਕ੍ਰਿਤਕ ਧੁਨੀਆਂ ਸੰਗੀਤ ਉਪਯੋਗੀ ਨਹੀਂ ਹੁੰਦੀਆਂ, ਪਰੰਤੂ ਸਾਰੀਆਂ ਸੰਗੀਤ ਉਪਯੋਗੀ ਧੁਨੀਆਂ ਇਹਨਾਂ ਨਾਦ ਲਹਿਰੀਆਂ 'ਤੇ ਆਧਾਰਿਤ ਹੁੰਦੀਆਂ ਹਨ।

ਸੰਗੀਤ ਦੀ ਪਰਿਭਾਸ਼ਕ ਸ਼ਬਦਾਵਲੀ ਨੂੰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਦੋ ਸ਼ਬਦਾਂ ਦੇ ਮੇਲ ਸਮ+ਗੀਤ ਨਾਲ ਬਣਿਆ ਹੈ। ਸਮ ਦਾ ਅਰਥ ਹੈ ਚੰਗਾ ਤੇ ਗੀਤ ਦਾ ਅਰਥ ਹੈ ਗਾਇਆ ਜਾਣ ਵਾਲਾ। ਸੋ ਸੰਗੀਤ ਦਾ ਅਰਥ ਹੋਇਆ ਚੰਗਾ ਗਾਇਨ ਕੀਤੇ ਜਾਣ ਯੋਗ ਗੀਤ। ਸੰਗੀਤ ਦਾ ਪ੍ਰਯੋਗ ਹਰ ਵਰਗ ਦੇ ਪ੍ਰਾਣੀ ਦੁਆਰਾ ਆਪਣੀਆਂ ਮਾਨਸਿਕ, ਅਧਿਆਤਮਕ, ਭਾਵਨਾਤਮਕ ਰੁਚੀਆਂ ਨੂੰ ਸੰਤੁਸ਼ਟ ਕਰਨ ਅਤੇ ਪਰਮ ਆਨੰਦ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ। ਸੰਗੀਤ ਦੀ ਮਧੁਰ ਧੁਨੀ ਜਾਂ ਨਾਦ ਦੁਆਰਾ ਹੀ ਪ੍ਰਭੂ ਭਗਤੀ ਵਿਚ ਲੀਨ ਹੋਇਆ ਜਾ ਸਕਦਾ ਹੈ ਅਤੇ ਇਕ ਸਧਾਰਨ ਵਿਅਕਤੀ ਵੀ ਦਿਨ ਭਰ ਦੀ ਥਕਾਨ ਨੂੰ ਪਲ ਭਰ ਦੇ ਮਧੁਰ ਸੰਗੀਤ ਨੂੰ ਸੁਣਨ ਨਾਲ ਦੂਰ ਕਰਕੇ ਤੇ ਮਾਨਸਿਕ ਸੰਤੁਸ਼ਟੀ ਪ੍ਰਾਪਤ ਕਰਦਾ ਹੈ। ਇਸ ਕਰਕੇ ਹੀ ਸੰਗੀਤ ਨੂੰ ਪਰਮਾਤਮਾ ਦਾ ਦੂਸਰਾ ਰੂਪ ਕਿਹਾ ਜਾਂਦਾ ਹੈ।

ਆਪਣੇ ਜੀਵਨ ਕਾਲ ਵਿੱਚ ਮਨੁੱਖ ਅਤੇ ਹੋਰ ਪ੍ਰਾਣੀ ਆਪਣੇ ਮਨ ਦੀਆਂ ਸੰਪੂਰਨ ਭਾਵਨਾਵਾਂ ਨੂੰ ਨਾਦ ਦੇ ਵੱਖ-ਵੱਖ ਰੂਪਾਂ ਦੇ ਮਾਧਿਅਮਾਂ ਰਾਹੀਂ ਵਿਅਕਤ ਕਰਦਾ ਹੈ। ਦੁਖ-ਸੁਖ, ਖੁਸ਼ੀ-ਗ਼ਮੀ,ਗੁੱਸਾ, ਦਇਆ ਆਦਿਕ ਭਾਵਾਂ ਦੀ ਅਭਿਵਿਅਕਤੀ ਸਮੇਂ ਵੱਖ-ਵੱਖ ਤਰ੍ਹਾਂ ਨਾਲ ਨਾਦ ਦੀ ਉਤਪਤੀ ਕਰਦਾ ਹੋਇਆ ਆਪਣੇ ਮਨ ਦੀ ਅਵਸਥਾ ਦਰਸਾਉਂਦਾ ਹੈ। ਪ੍ਰਾਚੀਨ ਭਾਸ਼ਾ ਵਿਗਿਆਨੀਆਂ ਤੇ ਸੰਗੀਤਾਚਾਰੀਆਂ ਨੇ ਨਾਦ ਦੀਆਂ ਇਹਨਾਂ ਬਦਲਦੀਆਂ ਪ੍ਰਸਥਿਤੀਆਂ ਨੂੰ 'ਕਾਕੂ' ਦੇ ਨਾਮ ਨਾਲ ਸੰਬੋਧਿਤ ਕੀਤਾ ਹੈ।

ਭਰਤ ਹਰੀ , ਰੁਦ੍ਰਟ, ਸਮੱਟ, ਪਤੰਜਲੀ ਆਦਿ ਗ੍ਰੰਥਕਾਰਾਂ ਨੇ ਆਪਣੇ ਗ੍ਰੰਥਾਂ ਵਿੱਚ ਧੁਨੀ ਦੀ ਵਿਆਖਿਆ ਕਰਦੇ ਹੋਏ ਕਾਕੂ ਨੂੰ ਧੁਨੀ ਦਾ ਮਹੱਤਵਪੂਰਨ ਅੰਗ ਮੰਨਿਆ ਹੈ।

ਪ੍ਰਾਚੀਨ ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਨੂੰ ਮਨੁੱਖੀ ਵਿਕਾਸ ਦਾ ਮੁੱਖ ਧੁਰਾ ਮੰਨਿਆ ਹੈ, ਪਰੰਤੂ ਭਾਸ਼ਾ ਦੇ ਮੂਲ ਨੂੰ ਦੇਖਿਆ ਜਾਵੇ ਤਾਂ ਇਸ ਦਾ ਮੂਲ ਸਰੋਤ ਸਵਰ ਅਤੇ ਵਿਅੰਜਨ ਹੁੰਦੇ ਹਨ। ਭਾਸ਼ਾ ਭਾਵੇਂ ਮਨੁੱਖੀ ਵਿਚਾਰਾਂ ਦੇ ਆਪਸੀ ਆਦਾਨ ਪ੍ਰਦਾਨ ਦਾ ਮੁੱਖ ਜ਼ਰੀਆ ਤਾਂ ਬਣਦੀ ਹੈ ਪਰੰਤੂ ਇਸ ਦੁਆਰਾ ਉਚਿਤ ਭਾਵਾਂ ਦੀ ਅਭਿਵਿਅਕਤੀ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਇਸਦੇ ਭਾਵਾਂ ਨੂੰ ਸਹੀ ਉਚਾਰ ਢੰਗ ਨਾਲ ਪ੍ਰਯੋਗ ਨਹੀਂ ਕੀਤਾ ਜਾਂਦਾ, ਕਿਉਂਕਿ ਭਾਸ਼ਾ ਦੇ ਆਧਾਰ ਭੂਤ ਤੱਤਾਂ ਵਿੱਚ 'ਸਵਰ' ਇਕ ਧੁਨੀ ਦੇ ਰੂਪ ਵਜੋਂ ਮੁੱਖ ਤੱਤ ਵਜੋਂ ਉਭਰਦਾ ਹੈ। ਇਸ ਕਰਕੇ

ਧੁਨੀ ਦੀ ਵੱਖ-ਵੱਖ ਢੰਗਾਂ ਦੁਆਰਾ ਵਰਤੋਂ ਨਾਲ ਹੀ ਭਾਸ਼ਾ ਆਪਣੇ ਸਹੀ ਭਾਵ ਵਿਅਕਤ ਕਰ ਸਕਦੀ ਹੈ। ਦੂਸਰੇ ਅਰਥਾਂ ਵਿਚ ਦੇਖਿਆ ਜਾਵੇ ਤਾਂ ਸ਼ਬਦ ਦੀ ਆਤਮਾ ਨੂੰ ਕਾਕੂ ਦੁਆਰਾ ਹੀ ਉਜਾਗਰ ਕੀਤਾ ਜਾ ਸਕਦਾ ਹੈ। ਕਾਕੂ ਦਾ ਅਸਲ ਪ੍ਰਯੋਗ ਨਾਟਕ ਵਿਚ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜਿਵੇਂ ਰਾਜਾ, ਰਾਣੀ, ਨੌਕਰ, ਸੈਨਿਕ, ਆਮ ਨਾਗਰਿਕ ਆਦਿ ਦੀ ਭੂਮਿਕਾ ਨਿਭਾਉਣ ਵਾਲੇ ਹਰ ਵਿਅਕਤੀ ਨੂੰ ਸੰਬੰਧਿਤ ਕਿਰਦਾਰਾਂ ਦੀ ਸਥਿਤੀ ਅਨੁਸਾਰ ਸੰਵਾਦ ਬੋਲਣੇ ਪੈਂਦੇ ਹਨ ਤਾਂ ਜੋ ਇਕ ਰਾਜਾ, ਸੈਨਿਕ ਨੌਕਰ ਵਿਚ ਆਪਸੀ ਭੇਦ ਜ਼ਾਹਿਰ ਹੋ ਸਕੇ। ਅਜਿਹਾ ਤਾਂ ਹੀ ਸੰਭਵ ਹੈ ਜੇਕਰ ਸੰਵਾਦਾਂ ਦੀ ਭਾਸ਼ਾ ਨੂੰ ਸਹੀ ਧੁਨੀ ਉਚਾਰ ਨਾਲ ਸਪੱਸ਼ਟ ਕੀਤਾ ਜਾਵੇ, ਇਹ 'ਕਾਕੂ' ਦੁਆਰਾ ਹੀ ਸੰਭਵ ਹੋ ਸਕਦਾ ਹੈ।

'ਕਾਕੂ' ਸ਼ਬਦ ਦਾ ਸਰਵ-ਪ੍ਰਥਮ ਪ੍ਰਯੋਗ ਅਤੇ ਉਸਦਾ ਵਿਸਤਰਿਤ ਵਰਣਨ ਸਾਨੂੰ ਭਰਤ ਦੇ 'ਨਾਟਯ-ਸ਼ਾਸਤਰ' ਵਿਚੋਂ ਉਪਲੱਬਧ ਹੋ ਜਾਂਦਾ ਹੈ। ਨਾਟਯ ਸ਼ਾਸਤਰ ਦੇ 17ਵੇਂ ਅਧਿਆਇ ਵਿਚ ਭਰਤ ਨੇ ਪਾਠਯ ਦੇ ਗੁਣਾਂ ਦਾ ਵਰਣਨ ਕਰਦੇ ਹੋਏ ਕਾਕੂ ਨੂੰ ਉਸਦੇ ਮਹੱਤਵਪੂਰਨ 6 ਅੰਗਾਂ ਜਿਵੇਂ ਸਵਰ, ਸਥਾਨ, ਵਰਣ, ਅਲੰਕਾਰ, ਅੰਗ ਵਿਚ ਚੌਥੇ ਸਥਾਨ 'ਤੇ ਰੱਖਦੇ ਹੋਏ ਇਸ ਦੀ ਵਿਆਖਿਆ ਕੀਤੀ ਹੈ। ਭਰਤ ਨੇ ਆਪਣੇ ਗ੍ਰੰਥ ਵਿੱਚ 2 ਪ੍ਰਕਾਰ ਦੇ ਕਾਕੂ ਨੂੰ ਮੰਨਿਆ ਹੈ। (1) ਸਾਕਾਂਕਸ਼ (2) ਨਿਰਾਕਾਂਕਸ਼। ਭਰਤ ਮੁਨੀ ਨੇ ਕਾਕੂ ਦੀ ਵਿਆਖਿਆ ਅਧੀਨ ਉਚ, ਦੀਪਤ, ਮੰਦਰ, ਨੀਚ, ਦ੍ਰੁਤ ਅਤੇ ਵਿਲੰਬਿਤ ਉਚਾਰ ਸਥਾਨਾਂ ਨੂੰ ਕਾਕੂ ਦਾ ਰੂਪ ਮੰਨਦੇ ਹੋਏ ਸੰਪੂਰਨ ਭਾਵਾਂ ਦੀ ਅਭਿਵਿਅਕਤੀ ਦਾ ਕਾਰਕ ਮੰਨਿਆ ਹੈ।

ਭਰਤ ਤੋਂ ਬਾਅਦ ਨਾਨਯ ਭੂਪਾਲ ਨੇ ਸੰਗੀਤ ਭਾਸ਼ਯਮ ਵਿਚ ਭਰਤ ਦੀ ਤਰਜ਼ 'ਤੇ ਹੀ ਕਾਕੂ ਦੀ ਵਿਆਖਿਆ ਕੀਤੀ ਹੈ। 13ਵੀਂ ਸ਼ਤਾਬਦੀ ਵਿਚ ਪੰ. ਸ਼ਾਰੰਗ ਦੇਵ ਦੁਆਰਾ ਰਚਿਤ ਗ੍ਰੰਥ ਸੰਗੀਤ ਰਤਨਾਕਰ ਦੇ ਤੀਸਰੇ ਅਧਿਆਇ ਵਿਚ ਕਾਕੂ ਦੀ ਸਥਾਯ ਦੇ ਅੰਤਰਗਤ ਵਿਆਖਿਆ ਕੀਤੀ ਹੈ। ਭਰਤ ਮੁਨੀ ਨੇ ਜਿੱਥੇ ਕਾਕੂ ਨੂੰ ਪਾਠਯ ਦਾ ਅੰਗ ਮੰਨਿਆ ਹੈ ਉਥੇ ਸ਼ਾਰੰਗਦੇਵ ਨੇ ਕਾਕੂ ਨੂੰ ਸੰਗੀਤ ਦੇ ਅੰਗ ਵਜੋਂ ਪ੍ਰਵਾਨਿਆ ਹੈ। ਭਰਤ ਦੀ ਕਾਕੂ ਸੰਗਿਆ ਭਾਵ ਅਤੇ ਅਰਥ ਨਾਲ ਸੰਬੰਧਿਤ ਹੈ ਜਦਕਿ ਸ਼ਾਰੰਗਦੇਵ ਨੇ ਇਸਦਾ ਸੰਬੰਧ ਧੁਨੀ ਦੇ ਗੁਣ ਨਾਲ ਦੱਸਿਆ ਹੈ। ਭਰਤ ਨੇ ਕਾਕੂ 2 ਪ੍ਰਕਾਰ ਦਾ ਮੰਨਿਆ ਹੈ ਜਦਕਿ ਸ਼ਾਰੰਗਦੇਵ ਨੇ 6 ਪ੍ਰਕਾਰ ਦੇ ਕਾਕੂ ਦੀ ਵਿਆਖਿਆ ਕੀਤੀ ਹੈ। ਜਿਸਨੂੰ ਉਸ ਤੋਂ ਬਾਅਦ ਦੇ ਗ੍ਰੰਥਕਾਰਾਂ ਨੇ ਵੀ ਅਪਣਾਇਆ ਹੈ।

ਆਧੁਨਿਕ ਕਾਲ ਵਿਚ ਕਾਕੂ ਦੀ ਵਿਆਖਿਆ 'ਤੇ ਇਸਦਾ ਸੰਗੀਤ ਜਗਤ ਵਿਚ ਮਹੱਤਵ ਦੁਬਾਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਸ ਵਿਚ ਇਸ ਨੂੰ ਧੁਨੀ ਦੇ ਵੱਖ-ਵੱਖ ਉਚਾਰਨ ਭੇਦਾਂ ਰਾਹੀਂ ਦਰਸਾਇਆ ਜਾਂਦਾ ਹੈ। ਜਿਵੇਂ ਕੋਈ ਬੱਚਾ ਜਾਂ ਆਦਮੀ ਜਿਹੜਾ ਭਾਸ਼ਾ ਗਿਆਨ ਤੋ ਹੀਨ ਹੈ ਉਸ ਲਈ ਕ੍ਰੋਧ ਦੀ ਭਾਸ਼ਾ ਵੀ ਪਿਆਰ ਦੇ ਲਹਿਜੇ ਵਿਚ ਵਰਤੀ ਜਾਵੇ ਤਾਂ ਉਹ ਅੱਗੋਂ ਮੁਸਕਰਾ ਕੇ ਉਸਦਾ ਅਭਿਵਾਦਨ ਕਰੇਗਾ ਅਤੇ ਜੇਕਰ ਉਸਨੂੰ ਪਿਆਰ ਦੀ ਕੋਈ ਗਲ ਵੀ ਗੁੱਸੇ ਦੇ ਭਾਵ ਨਾਲ ਕੀਤੀ ਜਾਵੇ ਤਾਂ ਉਹ ਡਰ, ਕ੍ਰੋਧ ਆਦਿ ਭਾਵਾਂ ਨੂੰ ਵਿਅਕਤ ਕਰੇਗਾ। ਇਸੇ ਧੁਨੀ ਪਰਿਵਰਤਨ ਨੂੰ ਹੀ ਆਧੁਨਿਕ ਕਾਲ ਵਿੱਚ ਕਾਕੂ ਦੀ ਸੰਗਿਆ ਦਿੱਤੀਆ ਗਈ ਹੈ।

ਆਧੁਨਿਕ ਕਾਲ ਵਿਚ ਕਾਕੂ ਦੀ ਪਰਿਭਾਸ਼ਾ ਦੇ ਸੰਦਰਭ ਵਿੱਚ ਪੰ. ਓਂਕਾਰ ਨਾਥ ਠਾਕੁਰ ਆਪਣੀ ਪੁਸਤਕ ਸੰਗੀਤਾਂਜਲੀ ਪੰਨਾ 276 ਤੇ ਕਹਿੰਦੇ ਹਨ। ਸੰਗੀਤ ਮੇਂ ਸਥਾਨ ਭੇਦ, ਉਚਾਰ ਭੇਦ ਔਰ ਗਤੀ ਭੇਦ ਸੇ ਜੋ ਪਰਿਵਰਤਨ ਹੋਤੇ ਹੈਂ, ਉਨਹੇ ਕਾਕੂ ਕਹਤੇ ਹੈਂ। ਕਭੀ ਮੰਦ, ਕਭੀ ਬੁਲੰਦ, ਕਭੀ ਕੰਪ, ਕਭੀ ਦੋਲਾਯਮਾਨ ਆਦਿ ਸਵਰ ਭੇਦ ਭਾਵਾਵਿਅੰਜਨਾ ਕੇ ਲਿਏ ਕੰਠ ਮੇਂ ਪ੍ਰਯੁਕਤ ਹੋ ਵਹ ਕਾਕੂ ਹੈ।'' ਆਪਟੇ ਦੇ ਸ਼ਬਦ ਕੋਸ਼ ਅਨੁਸਾਰ, ''ਕਾਕੂ ਦਾ ਅਰਥ ਹੈ ਭੈਅ, ਸ਼ੋਕ ਆਦਿ ਵਿਭਿੰਨ ਭਾਵਾਂ ਦੀ ਦਸ਼ਾ ਵਿੱਚ ਆਵਾਜ਼ ਵਿਚ ਪਰਿਵਰਤਨ।''

ਡਾ. ਰੀਨਾ ਕੁਮਾਰ ਦੇ ਅਨੁਸਾਰ, ''ਕੰਠ ਤੰਤਰੀਆਂ ਉਤੇ ਵਿਭਿੰਨ ਪ੍ਰਕਾਰ ਦੇ ਅੰਦੋਲਨ ਦੀਆਂ ਜੋ ਭਿੰਨ ਧੁਨੀਆਂ ਉਤਪੰਨ ਨੀਤੀਆਂ ਜਾਂਦੀਆਂ ਹਨ, ਉਸਨੂੰ ਕਾਕੂ ਕਹਿੰਦੇ ਹਨ।''

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਾਕੂ ਇਕ ਪ੍ਰਕਾਰ ਦਾ ਧੁਨੀ ਵਿਕਾਰ ਹੈ ਜੋ ਸੰਗੀਤ ਵਿੱਚ ਗਾਇਕ ਕਲਾਕਾਰ ਦੁਆਰਾ ਵੱਖ-ਵੱਖ ਰਾਗਾਂ ਦੀ ਪ੍ਰਕ੍ਰਿਤੀ ਅਤੇ ਉਸ ਵਿੱਚ ਪ੍ਰਯੋਗ ਕੀਤੀ ਜਾਣ ਵਾਲੀ ਬੰਦਿਸ਼ ਦੀ ਭਾਸ਼ਾ ਵਿਚਲੇ ਵੱਖ-ਵੱਖ ਭਾਵਾਂ ਨੂੰ ਦਰਸਾਉਣ ਲਈ ਜੋ ਧੁਨੀ ਪਰਿਵਰਤਨ ਕੀਤਾ ਜਾਂਦਾ ਹੈ ਉਸਨੂੰ ਕਾਕੂ ਦੀ ਸੰਗਿਆ ਦਿੱਤੀ ਜਾਂਦੀ ਹੈ।

ਪੰ. ਓਂਕਾਰ ਨਾਥ ਠਾਕੁਰ ਆਪਣੀ ਪੁਸਤਕ ਸੰਗੀਤਾਂਜਲੀ ਭਾਵ 5 ਪੰਨਾ 9 'ਤੇ ਕਹਿੰਦੇ ਹਨ, ਜਬ ਕਿਸੀ ਕੋ ਬੁਲਾਨਾ ਹੋ, ਪੁਕਾਰਨਾ ਹੋ ਯਾ ਆਸ਼ਚਰਯ ਅਥਵਾ ਵਿਸਮਸ ਭਾਵ ਦਿਖਾਨਾ ਹੋ, ਆਵੇਸ਼ ਯਾ ਡਰ ਜਤਾਨਾ ਹੋ ਤੋ ਏਸੀ ਅਵਸਥਾ ਮੇਂ ਮਧਯ ਸਪਤਕ ਕੇ ਪੰਚਮ, ਤਾਰ ਸਪਤਕ ਕੇ ਰਿਸ਼ਭ ਤਕ ਸਵਰੋਂ ਕੀ ਕੁਛ ਦਰੁਤ ਗਤੀ ਸੇ ਭਾਵੋਂ ਕੀ ਅਭਿਵਿਅਕਤੀ ਹੋਤੀ ਹੈ। ਕਲਹ, ਯੁਧ ਕਾ ਆਵਾਹਨ ਕ੍ਰੋਧ ਕਾ ਆਵੇਸ਼, ਗਰਵ, ਸ਼ੌਰਯ, ਨਿਰਭਤਸਨਾ ਏਵੰ ਭੀਤਿ ਆਦਿ ਕੋ ਨਿਵੇਦਿਤ ਕਰਨੇ ਕੇ ਲਿਏ ਤਾਰ ਸਪਤਕ ਕੇ ਉਚ ਸਵਰੋ ਕਾ ਦਰੁਤ ਗਤੀ ਮੇਂ ਉਪਯੋਗ ਕਰਨਾ ਚਾਹੀਏ।'' ''ਵਿਰਾਗ, ਦੈਨਯ, ਮਨ ਕੀ ਸ਼ੂਨਯ ਅਵਸਥਾ ਮੇਂ, ਚਿੰਤਨ ਅਵਸਥਾ ਮੇਂ ਮੰਦ੍ਰ ਸਪਤਕ ਕੇ ਸਵਰੋਂ ਕਾ ਮੰਦ੍ਰ ਸਵਰ ਮੇਂ ਵਿਲੰਬਿਤ ਗਤਿ ਸੇ ਉਚਾਰ ਕਰਨੇ ਸੇ ਅਭਿਵਿਅਕਤੀ ਹੋਤੀ ਹੈ।'' ਲੱਜਾ, ਭਯ, ਸ਼ਾਤੀ ਆਦਿ ਮਧੱਯ ਸਪਤਕ ਕੇ ਸਵਰੋਂ ਕਾ ਸੰਕੋਚਨ ਕਰਕੇ ਦਰੁਤ ਗਤੀ ਕੇ ਉਚਾਰ ਮੇਂ ਪ੍ਰਾਪਤ ਹੋਤੀ ਹੈ।

ਹੁਣ ਤੱਕ ਅਸੀਂ ਦੇਖਿਆ ਕਿ ਕਾਕੂ ਦਾ ਪ੍ਰਯੋਗ ਮਨੁਖ ਜਿਥੇ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਲਈ ਭਾਸ਼ਾ, ਜਾਂ ਧੁਨੀ ਸੰਕੇਤਾਂ ਰਾਹੀਂ ਕਰਦਾ ਹੈ ਉਥੇ ਸੰਗੀਤ ਵਿੱਚ ਕਾਕੂ ਦਾ ਪ੍ਰਯੋਗ ਸਵਰ, ਰਾਗ, ਰਸ ਆਦਿ ਦੇ ਮਾਧਿਅਮ ਰਾਹੀਂ ਵੀ ਪ੍ਰਯੋਗ ਕੀਤਾ ਜਾਂਦਾ ਹੈ।

ਇਸ ਪ੍ਰਕਾਰ ਸ਼ਬਦ ਵਿਚਲੇ ਭਾਵ ਨੂੰ ਕਾਕੂ ਦੇ ਮਾਧਿਅਮ ਨਾਲ ਵੱਖਰੇ-ਵੱਖਰੇ ਸਥਾਨਾਂ ਰਾਹੀਂ ਵਿਅਕਤ ਕਰਕੇ ਸੰਗੀਤ ਦੀ ਆਤਮਾ ਨੂੰ ਨਵੀਨ ਬਣਾਇਆ ਜਾਂਦਾ ਹੈ। ਸਵਰ ਦੇ ਉਤਾਰ-ਚੜ੍ਹਾਅ ਦੇ ਨਾਲ ਹੀ ਸ਼ਿੰਗਾਰਕ, ਵਚਿਤਰ, ਕਰੁਣ, ਹਾਸ ਆਦਿਕ ਰਸਾਂ ਦੀ ਅਭਿਵਿਅਕਤੀ ਹੋ ਜਾਂਦੀ ਹੈ ਅਤੇ ਸੰਗੀਤ ਦੇ ਵਿਸਥਾਰਿਤ ਵਿਕਾਸ ਵਿਚ ਵਾਧਾ ਹੁੰਦਾ ਹੈ।

ਪੰ. ਓਂਕਾਰ ਨਾਥ ਠਾਕੁਰ ਜੀ ਨੇ ਜਿੱਥੇ ਵੱਖਰੇ-ਵੱਖਰੇ ਸੁਰਾਂ ਤੋਂ ਵੱਖ-ਵੱਖ ਭਾਵਾਂ ਦੀ ਅਭਿਵਿਅਕਤੀ ਦੀ ਉਤਪਤੀ ਮੰਨੀ ਹੈ ਵੱਖ-ਵੱਖ ਰਾਗਾਂ ਵਿਚ ਸਵਰਾਂ ਦਾ ਵਿਭਿੰਨ ਤਰਾਂ ਦਾ ਪ੍ਰਯੋਗ ਵੀ ਉਪਰੋਕਤ ਭਾਵਾਂ ਦੀ ਸਫਲ ਅਭਿਵਿਅਕਤੀ ਵਿਚ ਸਹਾਇਕ ਹੁੰਦਾ ਹੈ। ਜਿਵੇਂ ਭੈਰਵ ਰਾਗ ਵਿੱਚ ਕੋਮਲ ਧੈਵਤ ਤੇ ਕੋਮਲ ਰਿਸ਼ਭ। ਅੰਦੋਲਿਤ ਹੋ ਕੇ ਗੰਭੀਰ ਪ੍ਰਕ੍ਰਿਤੀ ਦਾ ਧਾਰਨੀ ਬਣਦਾ ਹੈ ਉਥੇ ਗਉੜੀ ਰਾਗ ਦਾ ਰਿਸ਼ਭ ਧੈਵਤ ਉਸ ਨੂੰ ਸ਼ਾਂਤ ਪ੍ਰਕ੍ਰਿਤੀ ਦਾ ਧਾਰਨੀ ਬਣਾਉਂਦਾ ਹੈ।

ਇਸ ਪ੍ਰਕਾਰ ਸੁਰਾਂ ਦਾ ਵਖਰਾ ਲਗਾਉ ਹਰ ਰਾਗ ਦਾ ਜਿਥੇ ਆਪਣਾ ਵਿਸ਼ੇਸ਼ ਵਿਅਕਤਿਤਵ ਦਰਸਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਥੇ ਇਹ ਧੁਨੀ ਪਰਿਵਰਤਨ ਵੱਖ-ਵੱਖ ਭਾਵਾਂ ਨੂੰ ਪ੍ਰਦਰਸ਼ਿਤ ਕਰਕੇ 'ਕਾਕੂੰ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਭਾਰਤੀ ਸੰਗੀਤ ਵਿਚ ਮੁੱਖ ਰੂਪ ਵਿਚ ਕਾਕੂ ਦੇ 6 ਪ੍ਰਕਾਰ ਮੰਨੇ ਜਾਂਦੇ ਹਨ। ਪੰ. ਸ਼ਾਰੰਗ ਦੇਵ ਨੇ ਕਾਕੂ ਦੇ ਜੋ 6 ਪ੍ਰਕਾਰ ਮੰਨੇ ਹਨ। ਉਸੇ ਦੀ ਹੀ ਆਧੁਨਿਕ ਕਾਲ ਦੇ ਸੰਗੀਤ ਵਿਦਵਾਨਾ ਨੇ ਪ੍ਰੋੜਤਾ ਕੀਤੀ ਹੈ। ਇਹਨਾ ਦਾ ਵਿਵਰਣ

ਨਿਮਨ ਲਿਖਤ ਅਨੁਸਾਰ ਹੈ:-

(1) ਸਵਰ ਕਾਕੂ :-

**श्रुति न्यूनाधिाक या स्वरान्तर स द्व**

**स्वरान्तरस्य रागे स्यातण स्वर का कु रसौ मता द्व**

ਸੰਗੀਤ ਰਤਨਾਕਰ, ਸਲੋਕ 121/3

ਸਵਰ ਕਾਕੂ ਦੇ ਅੰਤਰਗਤ ਜਦੋਂ ਇਕ ਸਵਰ ਦੂਸਰੇ ਸਵਰ ਦੀਆਂ ਸ਼ੁਰਤੀਆਂ ਨੂੰ ਲੈਂਦਾ ਜਾਂ ਘਟਾਉਂਦਾ ਹੋਇਆ ਉਸ ਨੂੰ ਛੂੰਹਦਾ ਹੈ ਤਾਂ ਜੋ ਨਵਾਂ ਸਵਰ ਰੂਪ ਸਾਹਮਣੇ ਆਉਂਦਾ ਹੈ, 'ਸਵਰ ਕਾਕੂ' ਅਖਵਾਉਂਦਾ ਹੈ। ਜਿਵੇਂ ਗੰਧਾਰ ਸਵਰ ਮੱਧਿਅਮ ਸਵਰ ਦੀਆਂ ਇਕ ਜਾਂ 2 ਸ਼ਰੁਤੀਆਂ ਲੈਂਦਾ ਹੈ ਤਾਂ ਉਸ 'ਤੇ ਮੱਧਿਅਮ ਦੀ ਛਾਇਆ ਨਜ਼ਰ ਆਵੇਗੀ ਪਰੰਤੂ ਉਹ ਪੂਰਨ ਰੂਪ ਵਿੱਚ ਮਧਿਅਮ ਨਹੀਂ ਹੋਵੇਗਾ ਇਸੇ ਨੂੰ ਹੀ ਸਵਰ ਕਾਕੂ ਕਿਹਾ ਜਾਂਦਾ ਹੈ। ਆਧੁਨਿਕ ਸਮੇਂ ਵਿਚ ਇਸ ਨੂੰ 'ਕਣ' ਦੀ ਸੰਗਿਆ ਵੀ ਦਿੱਤੀ ਜਾਂਦੀ ਹੈ।

(2) ਰਾਗ ਕਾਕੂ :

**रागस्य निज;छाया राग काकु तु ता विदु**ऽ

ਸੰਗੀਤ ਰਤਨਾਕਰ, ਸਲੋਕ 122/3

ਰਾਗ ਦੀ ਵਿਸ਼ੇਸ਼ਤਾ ਨੂੰ ਦਰਸਾਉਣ ਵਾਲੇ ਸਵਰ ਸਮੁਦਾਇ 'ਰਾਗ ਕਾਕੂ' ਕਿਹਾ ਜਾਂਦਾ ਹੈ।

ਭਾਰਤੀ ਸੰਗੀਤ ਵਿੱਚ ਅਜਿਹੇ ਕਈ ਸੁੰਤਤਰ ਰਾਗ ਹਨ ਜੋ ਆਪਣੇ ਵਿਸ਼ਿਸ਼ਟ ਸਵਰ ਸਮੁਦਾਯ ਕਰਕੇ ਇਕ ਦੂਜੇ ਤੋਂ ਸਹਿਜੇ ਹੀ ਵੱਖਰੇ ਨਹੀਂ ਹੋ ਜਾਂਦੇ ਸਗੋਂ ਕਈ ਰਾਗਾਂ ਦੇ ਆਸ਼ਰਯ ਵੀ ਬਣ ਜਾਂਦੇ ਹਨ ਜਿਵੇਂ ਨ ਰੇ ਗ, ਰੇ ਨ ਰੇ ਸ, ਕਲਿਆਣ ਦਾ, ਧ ਨ ਰੇ ਸ ਅਹੀਰੀ, ਗ ਮ ਧੁ · ਭੈਰਵ ਆਦਿ ਦੇ ਵਿਸ਼ਿਸ਼ਟ ਸੁਰ ਸੰਗਤੀਆਂ ਨੂੰ ਹੀ ਰਾਗ ਕਾਕੂ ਕਿਹਾ ਜਾਂਦਾ ਹੈ। ਆਧੁਨਿਕ ਸਮੇਂ ਵਿਚ ਇਸ ਨੂੰ ਰਾਗ ਦੀ ਪਕੜ ਜਾਂ ਮੁਖ ਅੰਗ ਕਿਹਾ ਜਾਂਦਾ ਹੈ।

(3) ਅਨਯ ਰਾਗ ਕਾਕੂ :

**सा त्वन्यराग काकुर्या रागे रागान्तराश्रया द्व**

ਸੰਗੀਤ ਰਤਨਾਕਰ ਸਲੋਕ 123/3

ਇਕ ਰਾਗ ਦੇ ਪ੍ਰਸਤੁਤੀ ਕਰਨ ਸਮੇਂ ਜਦੋਂ ਕਲਾਕਾਰ ਦੂਸਰੇ ਰਾਗਾਂ ਦਾ ਭਾਵ ਜਾਂ ਆਭਾਸ ਦਿਖਾਉਂਦਾ ਹੈ ਤਾਂ ਇਸ ਨੂੰ 'ਅਨਯ ਰਾਗ ਕਾਕੂ' ਕਿਹਾ ਜਾਂਦਾ ਹੈ। ਆਧੁਨਿਕ ਸਮੇਂ ਇਸੇ ਹੀ ਕ੍ਰਿਆ ਨੂੰ ਤਿਰੋਭਾਵ ਅਭਿਰਭਾਵ ਦੀ ਸੰਗਿਆ ਦਿੱਤੀ ਗਈ ਹੈ।

(4) ਦੇਸ਼ੁ ਕਾਕੂ :

**सा देश काकुर्या रागे भवेऐश स्वभावत**ऽ

ਸੰਗੀਤ ਰਤਨਾਕਰ ਸਲੋਕ 123/3

ਦੇਸ਼ ਕਾਕੂ ਦੇ ਅੰਤਰਗਤ ਵੱਖ-ਵੱਖ ਦੇਸ਼ਾਂ ਦੀ ਸਭਿਆਚਾਰਕ ਪ੍ਰਸਥਿਤੀ ਅਨੁਸਾਰ ਅਤੇ ਸ਼ਬਦ ਉਚਾਰਨ ਅਨੁਸਾਰ ਜੋ ਭਿੰਨਤਾ ਪਾਈ ਜਾਂਦੀ ਹੈ ਉਸ ਨੂੰ ਦੇਸ਼ ਕਾਕੂ ਕਿਹਾ ਜਾਂਦਾ ਹੈ। ਇਹ ਕਿਸੇ ਪ੍ਰਾਂਤ 'ਤੇ ਆਧਾਰਿਤ ਨਹੀਂ ਹੁੰਦਾ ਸਗੋਂ ਹਰ ਪ੍ਰਾਂਤ ਜਾਂ ਦੇਸ਼ ਦੀ ਆਪਣੀ ਸਭਿਆਚਾਰਕ ਖੁਸ਼ਬੂ 'ਤੇ ਆਧਾਰਿਤ ਹੁੰਦਾ ਹੈ। ਜਿਵੇਂ ਅਸੀਂ ਕਿਸੇ ਸ਼ਬਦ ਦਾ ਉਚਾਰਨ ਜਿਸ ਤਰੀਕੇ ਨਾਲ ਕਰਾਂਗੇ ਉਸੇ ਪ੍ਰਕਾਰ ਹੀ ਗਾਇਨ ਸਮੇਂ ਉਸਦਾ ਪ੍ਰਯੋਗ ਕਰਾਂਗੇ। ਇਸੇ ਸ਼ਬਦ ਉਚਾਰਨ ਵਿਚ ਜੋ ਧੁਨੀ ਭਿੰਨਤਾ ਹੁੰਦੀ ਹੈ ਉਸਨੂੰ 'ਦੇਸ਼ ਕਾਕੂ' ਕਿਹਾ ਜਾਂਦਾ ਹੈ। ਸ਼ਾਸਤਰੀ ਸੰਗੀਤ ਦੀ ਬਜਾਏ ਇਸਦਾ ਪ੍ਰਯੋਗ ਲੋਕ ਸੰਗੀਤ ਵਿਚ ਵਧੇਰੇ ਸਪਸ਼ੱਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

(5) ਖੇਤਰ ਕਾਕੂ

**शरीर क्षेक्रमित्युक्तद्वप्रतिक्षेक्र निसर्गतऽ**

**रागे नाना विधाा काकुऽ क्षेक्र काकुरिति स्म्ताद्व**

ਸੰਗੀਤ ਰਤਨਾਕਰ ਸਲੋਕ 124/3

ਪੰ. ਸ਼ਾਰੰਗਦੇਵ ਨੇ ਮਾਨਵੀ ਸਰੀਰ ਨੂੰ ਖੇਤਰ ਕਿਹਾ ਹੈ। ਹਰ ਸਰੀਰ ਦੀ ਬਣਾਵਟ ਵਿਚ ਕੁਝ ਭਿੰਨਤਾਵਾਂ ਪਾਈਆਂ ਜਾਂਦੀਆਂ ਜਿਹਨਾਂ ਦੇ ਆਧਾਰ 'ਤੇ ਆਵਾਜ਼ ਦਾ ਗੁਣ ਧਰਮ ਨਿਰਭਰ ਕਰਦਾ ਹੈ। ਹਰੇਕ ਕੰਠ ਦੀ ਆਵਾਜ਼ ਇਕ ਦੂਸਰੇ ਤੋਂ ਭਿੰਨ ਹੁੰਦੀ ਹੈ ਕਿਸ ਕਾਰਨ ਉਸਦੀ ਆਵਾਜ਼ ਸਾਫਫ਼ਪਹਿਚਾਣੀ ਜਾਂਦੀ ਹੈ ਇਸੇ ਨੂੰ ਹੀ ਆਧੁਨਿਕ ਸਮੇਂ ਵਿੱਚ ਨਾਦ ਦੀ ਜਾਤੀ ਕਿਹਾ ਜਾਂਦਾ ਹੈ ਜਿਸ ਨੂੰ 'ਖੇਤਰ ਕਾਕੂ' ਦੀ ਸੰਗਿਆ ਦਿੱਤੀ ਜਾਂਦੀ ਹੈ।

(6) ਯੰਤਰ ਕਾਕੂ

**वीणव यन्क्रकाकुऽ सतो मता द्व**

ਸੰਗੀਤ ਰਤਨਾਕਰ ਸਲੋਕ 125 ਙ-3

ਯੰਤਰ ਕਾਕੂ ਵੱਖ-ਵੱਖ ਸਾਜ਼ਾਂ ਤੋਂ ਉਤਪੰਨ ਵੱਖਰੀਆ ਵੱਖਰੀਆ ਆਵਾਜ਼ਾਂ ਨੂੰ ਕਿਹਾ ਜਾਂਦਾ ਹੈ। ਇਹ ਅੰਤਰ ਉਹਨਾਂ ਸਾਜ਼ਾਂ ਦੀ ਬਣਾਵਟ ਤੋਂ ਉਤਪੰਨ ਹੁੰਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਭਾਰਤੀ ਸੰਗੀਤ ਦੀ ਸਫਫ਼ਲਪੇਸ਼ਕਾਰੀ ਵਿਚ 'ਕਾਕੂ' ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਜਿਥੇ ਸ਼ਬਦਾਂ ਵਿਚਲੀ ਆਤਮਾ ਨੂੰ ਸਜੀਵ ਰੂਪ ਪ੍ਰਦਾਨ ਕਰਦਾ ਹੈ, ਉਥੇ ਵੱਖਰੀਆਂ-ਵੱਖਰੀਆਂ ਪ੍ਰਸਥਿਤੀਆਂ ਅਨੁਸਾਰ ਗਾਇਕ ਕਲਾਕਾਰ ਦੇ ਹਿਰਦੇ ਦੀਆਂ ਵਿਭਿੰਨ ਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਆਪਣਾ ਯੋਗਦਾਨ ਪਾਉਂਦਾ ਹੈ। ਕਾਕੂ ਨੂੰ ਜੇਕਰ 'ਸੰਗੀਤ' ਕਲਾ ਦਾ ਨਾਇਕ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ 'ਕਾਕੂ' ਹੀ ਸਵਰ, ਰਾਗ, ਰਸ, ਨੂੰ ਆਪਸ ਵਿਚ ਇਕ ਸੁਰ ਕਰਦੇ ਹੋਏ ਸੰਗੀਤ ਦੀ ਸਫ਼ਲ ਅਭਿਵਿਅਕਤੀ ਕਰਨ ਵਿੱਚ ਸਹਾਇਕ ਹੁੰਦਾ ਹੈ।

ਲੈਕਚਰਾਰ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

# ਭਾਈ ਹਰਬੰਸ ਸਿੰਘ ਜਗਾਧਰੀ ਵਾਲੇ



ਪ੍ਰਸਿੱਧ ਰਾਗੀ ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ ਮਿਤੀ 13 ਮਈ 2011 ਨੂੰ ਅਕਾਲ ਚਲਾਣਾ ਕਰ ਗਏ। ਉਹ 71 ਵਰਿਆਂ ਦੇ ਸਨ। ਭਾਈ ਸਾਹਿਬ ਦੇ ਅਕਾਲ ਚਲਾਣੇ ਨਾਲ ਕੀਰਤਨ ਦਾ ਇੱਕ ਯੁਗ ਸਮਾਪਤ ਹੋ ਗਿਆ ਹੈ। ਭਾਈ ਸਾਹਿਬ ਬਹੁਤ ਸਿਆਣੇ, ਸੁਘੜ, ਸੁਰੀਲੇ ਅਤੇ ਸੁਚੱਜੇ ਕੀਰਤਨੀਏ ਸਨ। ਉਹ ਆਪਣੇ ਸਰੋਤਿਆਂ ਦੀ ਰੁਚੀ ਨੂੰ ਬੜੀ ਚੰਗੀ ਤਰ੍ਹਾਂ ਪਛਾਣਦੇ ਸਨ ਅਤੇ ਉਹਨਾਂ ਦੀ ਰੁਚੀ ਅਨੁਸਾਰ ਕੀਰਤਨ ਕਰਦੇ ਸਨ। ਉਹ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦੀ ਪਰੰਪਰਾ ਦੇ ਬਹੁਤ ਸ਼ਰਧਾਲੂ ਸਨ। ਉਹਨਾਂ ਦੀ ਪਰੰਪਰਾ ਅਨੁਸਾਰੀ ਕੀਰਤਨ ਵਧੇਰੇ ਕਰਦੇ ਸਨ। ਆਪ ਬੜੀ ਮਿਠੀ ਵਿਆਖਿਆ ਕਰਦੇ ਸਨ। ਉਹ ਵਿਆਖਿਆ ਸਰੋਤਿਆਂ ਦੇ ਪੱਧਰ ਅਤੇ ਰੁਚੀ ਅਨੁਸਾਰ ਹੀ ਕਰਦੇ ਸਨ। ਉਹਨਾਂ ਨੇ ਕੈਸਟ ਕੰਪਨੀਆਂ ਨੂੰ ਕੀਰਤਨ ਦੀਆਂ ਟੇਪਾਂ ਤਿਆਰ ਕਰਨ ਲਈ ਉਤਸਾਹਿਤ ਕੀਤਾ ਅਤੇ ਉਹਨਾਂ ਦੀਆਂ ਕੀਰਤਨ ਕੈਸਟਾਂ ਬਹੁਤ ਪ੍ਰਚਲਤ ਹੋਈਆਂ। ਉਹਨਾਂ ਦੀ ਕੀਰਤਨ ਸ਼ੈਲੀ ਦੀ ਪ੍ਰਸਿੱਧੀ ਕਰਕੇ ਕਈ ਕੀਰਤਨੀਏ ਉਹਨਾਂ ਦੀ ਸ਼ੈਲੀ ਅਨੁਸਾਰ ਹੀ ਕੀਰਤਨ ਕਰਨ ਲੱਗ ਪਏ। ਉਹ ਕਲਾਸੀਕਲ ਕੀਰਤਨ ਘਟ ਕਰਦੇ ਸਨ। ਪਰ ਜਦੋਂ ਕਰਦੇ ਸਨ ਉਦੋਂ ਬਹੁਤ ਵਧੀਆ ਕਰਦੇ ਸਨ। ਉਹਨਾਂ ਦੇ ਕੀਰਤਨ ਦੇ ਸ਼ਰਧਾਲੂ ਕੇਵਲ ਸਧਾਰਨ ਸਿੱਖ ਹੀ ਨਹੀਂ ਸਨ ਸਗੋਂ ਬਹੁਤ ਸਾਰੇ ਗੈਰ ਸਿੱਖ ਵੀ ਉਹਨਾਂ ਦੇ ਕੀਰਤਨ ਨੂੰ ਬਹੁਤ ਪਸੰਦ ਕਰਦੇ ਸਨ। ਉਹਨਾਂ ਦੇ ਦੇਹਾਂਤ ਨਾਲ ਕੀਰਤਨ ਪਰੰਪਰਾ ਨੂੰ ਵੱਡਾ ਘਾਟਾ ਪਿਆ ਹੈ।

# ਸੁਰ ਲਿਪੀ : ਰਾਗ ਰਾਮਕਲੀ

ਜਬਰਜੰਗ ਸਿੰਘ

| | | | | | |
|---|---|---|---|---|---|
| ਰਾਗ | : | ਰਾਮਕਲੀ | ਜਾਤੀ | : | ਸ਼ਾੜਵ – ਸੰਪੂਰਨ |
| ਥਾਟ | : | ਭੈਰਉ | ਵਾਦੀ ਸੁਰ | : | ਪੰਚਮ (ਪ) |
| ਸੁਰ | : | ਰੇ, ਧੁ ਕੋਮਲ, ਦੋਵੇਂ ਮਧਿਅਮ (ਮ, ਮ̍), ਦੋਵੇਂ ਨਿਸ਼ਾਦ (ਨੀ, ਨ਼ੀ) | ਸੰਵਾਦੀ ਸੁਰ | : | ਰਿਸ਼ਭ ਕੋਮਲ (ਰੇ) |
| ਵਰਜਿਤ ਸੁਰ | : | ਆਰੋਹ ਵਿੱਚ ਰਿਸ਼ਭ ਕੋਮਲ (ਰੇ) | ਸਮਾਂ | : | ਦਿਨ ਦਾ ਪਹਿਲਾ ਪਹਿਰ |
| ਆਰੋਹ | : | ਸ ਗ ਮ ਪ, ਧੁ ਨੀ ਸਂ | ਅਵਰੋਹ | : | ਸਂ ਨੀ ਧੁ ਪ, ਮ̍ ਪ ਧੁ ਨ਼ੀ ਧੁ ਪ, ਗ ਮ ਰੇ ਸ |

ਵਿਸ਼ੇਸ਼ ਸੁਰ ਸੰਗਤੀ : ਪ ਮ̍ ਪ, ਧੁ ਨ਼ੀ ਧੁ ਪ, ਗ ਮ ਰੇ ਸ

## ਤਾਲ: ਰੂਪਕ

ਤਾਲਬੋਲ

| 1 | 2 | 3 | 4 | 5 | 6 | 7 |
|---|---|---|---|---|---|---|
| ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |

**ਸਥਾਈ :**

| | | | | | | |
|---|---|---|---|---|---|---|
| ਨ਼ੀ | ਸ | – | ਗ | ਗ | ਮ | ਮ |
| ਹੋ | ਵੈ | S | ਸਿ | ਫ | ਤਿ | ਖ |
| ਪ | – | ਮ | ਪ | – | ਪ | – |
| ਸੰ | S | ਮ | ਦੀ | S | ਨੂ | ਰੁ |
| ਗ | ਗ | – | ਮ | ਮ | ਗ | ਮ |
| ਅਰ | ਸਹੁ | S | ਕੁ | ਰ | ਸਹੁ | S |
| ਰੇ | – | ਰੇ | ਸ | – | ਸ | – |
| ਝ | S | ਟੀ | ਐ | S | S | S |
| ਪ | ਗ | ਮ | ਧੁ | – | ਨੀ | – |
| ਤੁਧੁ | ਡਿ | ਠੇ | ਸ | S | ਚੇ | S |
| ਸਂ | – | ਨੀ | ਸਂ | – | ਸਂ | ਸਂ |
| ਪਾ | S | ਤਿ | ਸਾਹ | S | ਮ | ਲੁ |
| ਧੁ | ਧੁ | ਧੁ | ਨੀ | ਨੀ | ਸਂ | – |
| ਜਨ | ਮ | ਜ | ਨ | ਮ | ਦੀ | S |

| | | | | | | |
|---|---|---|---|---|---|---|
| ਸੰਨੀ<br>ਕ S | ਧੁਪ<br>S S | ।<br>ਮਪ<br>ਟੀ S | ਧੁ<br>ਐ | ਨੁੀ<br>S | ਧੁ<br>ਮ | ਪ<br>ਲੁ |
| ਗ<br>ਜਨ | ਗ<br>ਮ | ਗ<br>ਜ | ਮ<br>ਨ | ਮ<br>ਮ | ਗ<br>ਦੀ | ਮ<br>S |
| ਰੇ<br>ਕ | –<br>S | ਰੇ<br>ਟੀ | ਸ<br>ਐ | –<br>S | ਸ<br>S | –<br>S |

## ਅੰਤਰਾ :

| | | | | | | |
|---|---|---|---|---|---|---|
| ਪ<br>ਲਹ | ਗ<br>ਣੇ | ਮ<br>S | ਧੁ<br>ਦੀ | –<br>S | ਨੀ<br>S | ਨੀ<br>ਫੇ |
| ਸੰਨੀ<br>ਰਾ S | ਧੁਨੀ<br>S S | ਸੰਰੇਂ<br>S ਈ | ਸੰ<br>ਐ | –<br>S | ਨੀ<br>S | ਸੰ<br>S |
| ਗੰ<br>ਨਾ | –<br>S | ਮੰ<br>ਨ | ਰੇਂ<br>ਕਾ | –<br>S | ਸੰ<br>ਦੋ | ਸੰ<br>ਹੀ |
| ਧੁ<br>ਖ | –<br>S | ਧੁਨੁੀ<br>ਟੀ S | ਧੁ<br>ਐ | –<br>S | ਪ<br>S | –<br>S |
| ਪ<br>ਜੋ | ਗ<br>ਤਿ | ਮ<br>ੳ | ਧੁ<br>ਹਾ | –<br>S | ਨੀ<br>S | –<br>S |
| ਸੰਨੀ<br>ਜੁਗ | ਧੁਨੀ<br>ਤਿ S | ਸੰਰੇਂ<br>ਸਾ S | ਸੰ<br>ਇ | –<br>S | ਨੀ<br>S | ਸੰ<br>S |
| ਗੰ<br>ਸ | ਗੰ<br>ਹਿ | ਮੰ<br>ਕਾਇ | ਰੇਂ<br>ਆ | –<br>S | ਸੰ<br>ਫੇਰਿ | ਸੰ<br>ਪ |
| ਧੁਨੀ<br>ਲਾ S | ਸੰਰੇਂ<br>ਟੀ S | ਸੰਨੀ<br>S S | ਧੁਪ<br>ਐ S | ।<br>ਮਪ<br>S S | ਧੁਨੁੀ<br>S S | ਧੁਪ<br>S S |
| ਪ<br>ਸਹਿ | ਗ<br>ਕਾਇ | ਗ<br>ਆ | ਮ<br>ਫੇ | –<br>S | ਗ<br>ਰਿ | ਮ<br>ਪ |
| ਰੇ<br>ਲ | –<br>S | ਰੇ<br>ਟੀ | ਸ<br>ਐ | –<br>S | ਸ<br>S | –<br>S |
| 0 | | | 1 | | 2 | |

ਅੰਗ ੯੬੬

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥

Nanak proclaimed Lehna's succession - he earned it.

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

They shared the One Light and the same way; the King just changed His body.

ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥

The immaculate canopy waves over Him, and He sits on the throne in the Guru's shop.

ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥

He does as the Guru commands; He tasted the tasteless stone of Yoga.

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

The Langar - the Kitchen of the Guru's Shabad has been opened, and its supplies never run short.

ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥

Whatever His Master gave, He spent; He distributed it all to be eaten.

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥

The Praises of the Master were sung, and the Divine Light descended from the heavens to the earth.

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

Gazing upon You, O True King, the filth of countless past lives is washed away.

ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥

The Guru gave the True Command; why should we hesitate to proclaim this?

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ ॥

His sons did not obey His Word; they turned their backs on Him as Guru.

ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥

These evil-hearted ones became rebellious; they carry loads of sin on their backs.

ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥

Whatever the Guru said, Lehna did, and so he was installed on the throne.

ਕਉਣੁ ਹਾਰੇ ਕਿਨਿ ਉਵਟੀਐ ॥੨॥

Who has lost, and who has won? ||2||

THE AROMA

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

HELP NEEDY

SHARE THE BLESSINGS

HELP NEEDY

- TO LIVE LONG — **LEAD NATURAL LIFE**
- TO LIVE MEANINGFULL LIFE — **JOIN TEAM HELP NEEDY**
- TO LIVE FOR EVER — **DONATE**

● BLOOD ● EYES ● TISSUES ● ORGANS ● WHOLE BODY

A UNIQUE GIFT OF LIFE

**AN ISO 9001 - 2000 CERT. TRUST**

# SEWAKS' Charitable Trust (Regd.)

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806
E-mail : sewaks@sewaks-helpneedy.com, website : www.sewaks-helpneedy.com
B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154
TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula
TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar
ASSOCIATES : Gurmat Parsar Medical Sewa Centre, Mundi Kharar, Distt. S.A.S. Nagar (Punjab)
ASSIST-HELP : Like minded Charitable Institutes having similar Aims & Objects

**IN THE SERVICE OF HUMANITY. SINCE 1994**

Postal Regd. No. G/CDH/0045/2009-10 RNI Regd. No. 46788/89 ISSN 0972-2335